PROTECTION PARTNERSHIP PEACE

# ਭਾਈਚਾਰੇ ਦਾ ਸਮਰਥਨ
# ਅਤੇ
# ਪਬਲਿਕ ਕਮੇਟੀਆਂ ਦਾ ਨਿਰਮਾਣ




idc
www.idcindia.org

INSTITUTE FOR DEVELOPMENT AND COMMUNICATION

# ਭਾਈਚਾਰੇ ਦਾ ਸਮਰਥਨ ਅਤੇ ਪਬਲਿਕ ਕਮੇਟੀਆਂ ਦਾ ਨਿਰਮਾਣ

Pramod Kumar
Assisted by:Harsh Chopra

INSTITUTE FOR DEVELOPMENT AND COMMUNICATION, CHANDIGARH

© Institute for Development and Communication, 2021

Published by
Institute for Development and Communication, 2021
Sector 38A, Chandigarh - 160 014, India

Tel : 0172-2625941
Fax : 0172-2625942
E-mail : idcindia@idcindia.org

All rights reserved. No part of this publication may be reproduced, stored in a retrieval system or transmitted, in any form or by any means, electronic, mechanical, photocopying, recording or otherwise, without prior permission in writing of Institute for Development and Communication.

# ਵਿਸ਼ਾ-ਸੂਚੀ


| | | |
|---|---|---|
| ਭਾਗ–1 | **ਕੰਮਿਉਨਿਟੀ ਪਾਰਟਨਰਸ਼ਿਪ ਬਨਾਉਣ ਲਈ ਮੁੱਖ ਤੱਤ** | 1–3 |
| | ਸ਼ੁਰੂ ਤੋਂ ਹੀ ਕੰਮਿਉਨਿਟੀ ਨੂੰ ਸ਼ਾਮਲ ਕਰਨਾ | |
| | ਆਪਸੀ ਤਾਲਮੇਲ ਸਥਾਪਿਤ ਕਰਨਾ | |
| | ਇੱਕਜੁੱਟ ਕਰਨਾ | |
| | ਕੰਮਿਉਨਿਟੀ ਪੁਲਿਸਿੰਗ ਦਾ ਸੰਦੇਸ਼ ਜਨਤਾ ਤੱਕ ਪਹੁੰਚਾਉਣਾ | |
| | ਸੰਬੰਧ ਮਜ਼ਬੂਤ ਕਰਨਾ | |
| | ਖ਼ਾਸ ਸੱਭਿਆਚਾਰਕ ਲੌੜਾਂ ਦੀ ਪੂਰਤੀ | |
| ਭਾਗ–2 | **ਕੰਮਿਉਨਿਟੀ ਪਾਰਟਨਰਸ਼ਿਪ ਨੂੰ ਲਾਗੂ ਕਰਨਾ** | 4–6 |
| | ਕੰਮਿਉਨਿਟੀ ਪਾਰਟਨਰਸ਼ਿਪ ਨੂੰ ਲਾਗੂ ਕਰਨਾ | |
| | ਭਾਈਵਾਲੀ ਵਿੱਚ ਕੰਮ ਕਰਨ ਲਈ ਵਿਧੀ ਸਥਾਪਿਤ ਕਰਨਾ | |
| | ਸਟੇਕਹੋਲਡਰ ਦੇ ਕੰਮ | |
| | ਸੇਵਾ ਪ੍ਰਬੰਧਨ ਵਿੱਚ ਕਮੇਟੀ ਮੈਂਬਰਾਂ ਦੀ ਭੂਮਿਕਾ | |
| ਭਾਗ–3 | **ਰਣਨੀਤੀ** | 7–10 |
| | ਕੰਮਿਉਨਿਟੀ ਦਾ ਸਹਿਯੋਗ ਇਕੱਤਰ ਕਰਨਾ | |
| | ਸ਼ੋਸ਼ਲ ਅਤੇ ਲੋਕਾਂ ਦੀ ਪੁਲਿਸ | |
| | ਸਮਾਜਿਕ ਫੈਂਸਿੰਗ | |
| | ਜਾਗਰੂਕਤਾ ਅਤੇ ਸੰਵੇਦਨਸ਼ੀਲਤਾ | |
| | ਇੰਟਰਲਿੰਕੇਜ ਅਤੇ ਨੈਟਵਰਕਿੰਗ | |
| | ਟਾਰਗੈਟਿਡ ਅਪਰੋਚ | |
| ਭਾਗ–4 | **ਸਾਂਝ ਕਮੇਟੀਆਂ** | 11–16 |
| | ਰਾਜ ਪੱਧਰੀ ਕਾਰਡੀਨੇਸ਼ਨ ਐਂਡ ਰੀਵਿਊ ਕਮੇਟੀ (SLCRC) ਦੀ ਬਣਤਰ ਅਤੇ ਕੰਮ | |
| | ਜ਼ਿਲ੍ਹਾ ਪੱਧਰੀ ਕਮੇਟੀ ਦੀ ਭੂਮਿਕਾ ਅਤੇ ਕਾਰਜ | |
| | ਸਬ–ਡਵੀਜ਼ਨ ਸਾਂਝ ਕਮੇਟੀ ਦੀ ਭੂਮਿਕਾ ਅਤੇ ਕਾਰਜ | |
| | ਥਾਣਾ ਪੱਧਰੀ ਕਮੇਟੀ ਦੀ ਭੂਮਿਕਾ ਅਤੇ ਕਾਰਜ | |
| ਭਾਗ–5 | **ਐਡਵਾਈਜ਼ਰੀ ਬੋਰਡ** | 17–18 |
| | ਐਡਵਾਈਜ਼ਰੀ ਬੋਰਡ ਦੇ ਮੈਂਬਰ | |
| | ਕਾਰਜਕਾਲ | |
| | ਐਡਵਾਈਜ਼ਰੀ ਬੋਰਡ ਦੀਆਂ ਮੀਟਿੰਗਾਂ | |
| | ਐਡਵਾਈਜ਼ਰੀ ਬੋਰਡ ਦੇ ਮੈਂਬਰਾਂ ਦੇ ਫ਼ਰਜ਼ ਅਤੇ ਭੂਮਿਕਾ | |

# <u>ਭਾਗ–1</u>

# <u>ਕੰਮਿਉਨਿਟੀ ਪਾਰਟਨਰਸ਼ਿਪ ਬਨਾਉਣ ਲਈ ਮੁੱਖ ਤੱਤ</u>

## <u>ਸ਼ੁਰੂ ਤੋਂ ਹੀ ਕੰਮਿਉਨਿਟੀ ਨੂੰ ਸ਼ਾਮਲ ਕਰਨਾ</u>:

ਕੰਮਿਉਨਿਟੀ ਦੇ ਹਰ ਵਰਗ ਨੂੰ ਪ੍ਰੋਗ੍ਰਾਮ ਦੇ ਹਰ ਹਿੱਸੇ ਵਿੱਚ, ਖ਼ਾਸ ਟੀਚੇ ਬਨਾਉਣ ਲਈ, ਕੰਮਿਉਨਿਟੀ ਦਾ ਜਾਇਜ਼ਾ ਲੈਣ ਲਈ, ਰਣਨੀਤੀ ਦੀ ਪਛਾਣ ਕਰਨ ਲਈ ਅਤੇ ਪ੍ਰੋਗਰਾਮ ਨੂੰ ਮਾਨੀਟਰ ਕਰਨ ਲਈ ਸ਼ਾਮਲ ਕਰਨਾ ਨਾ ਕੇਵਲ ਕੰਮਿਉਨਿਟੀ ਦੀ ਸ਼ਮਲੀਅਤ ਨੂੰ ਯਕੀਨੀ ਬਣਾਉਂਦਾ ਹੈ ਬਲਕਿ ਪ੍ਰੋਗਰਾਮ ਦੇ ਪ੍ਰਤੀ ਕੰਮਿਉਨਿਟੀ ਦੀ ਵਚਨਬੱਧਤਾ ਵੀ ਪੈਦਾ ਕਰਦਾ ਹੈ।

ਟ੍ਰੇਨਰ, ਅੱਨ.ਜੀ.ਓ. ਅਤੇ ਖ਼ਾਸ ਸੰਗਠਨ ਦੇ ਨਾਲ ਗੱਲਬਾਤ ਉਹਨਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਂਦੀ ਹੈ ਅਤੇ ਇਹ ਜਾਣਕਾਰੀ ਕੰਮਿਉਨਿਟੀ ਦੀ ਧਾਰਨਾ ਨੂੰ ਵੱਖ਼–ਵੱਖ਼ ਦਿਸ਼ਾਵਾਂ ਦਿੰਦੀ ਹੈ।

ਇਹ ਜਾਣਕਾਰੀ ਨਾ ਕੇਵਲ ਕੰਮਿਉਨਿਟੀ ਨੂੰ ਹੀ ਸੰਵੇਦਨਸ਼ੀਲ ਬਣਾਉਂਦੀ ਹੈ ਬਲਕਿ ਸਥਾਨਕ ਲੋੜਾਂ ਦੇ ਅਨੁਸਾਰ ਪ੍ਰੋਗਰਾਮ ਨੂੰ ਲੋੜੀਂਦੀ ਸ਼ਕਲ ਵੀ ਦਿੰਦੀ ਹੈ।

## <u>ਆਪਸੀ ਤਾਲਮੇਲ ਸਥਾਪਿਤ ਕਰਨਾ</u>:

ਕਈਂ ਵਾਰ ਜੋ ਯਤਨ ਭਾਈਚਾਰੇ ਲਈ ਕੀਤੇ ਜਾਂਦੇ ਹਨ, ਸਿੱਧਾ ਕੰਮਿਉਨਿਟੀ ਤੇ ਅਸਰ ਕਰਦੇ ਹਨ। ਜਿਵੇਂ ਕਿ ਨੇਬਰਹੁਡ ਮੀਟਿੰਗ (neighborhood meeting), ਕੰਮਿਉਨਿਟੀ ਨਿਊਜ਼ਲੈਟਰ (community newsletter), ਕਾਪਸ ਆਨ ਕੈਂਪਸ ਪ੍ਰੋਗਰਾਮ (cops on campus programme), ਫੁਟਬਰਿਜ ਪ੍ਰੋਗਰਾਮ (footbridge programme) ਆਦਿ ਬਾਰੇ ਜਾਗਰੁਕਤਾ ਆਪਣੇ–ਆਪਣੇ ਤਰੀਕੇ ਨਾਲ ਕੰਮਿਉਨਿਟੀ ਪੁਲਿਸਿੰਗ ਲਈ ਹੁਨਰ ਸੇਵਾ ਅਤੇ ਵਿਕਾਸ ਲਈ ਮੌਕੇ ਪ੍ਰਦਾਨ ਕਰਦੇ ਹਨ। ਇਹਨਾਂ ਦੀ ਨੈੱਟਵਰਕਿੰਗ ਇਸ ਲਈ ਜ਼ਰੂਰੀ ਹੈ ਤਾਂ ਜੋ ਇਹਨਾਂ ਰਾਹੀਂ ਕੰਮਿਉਨਿਟੀ ਪੁਲਿਸਿੰਗ ਦੀ ਧਾਰਨਾ ਅਧੀਨ ਲੋਕਾਂ ਨੂੰ ਸੁਰੱਖ਼ਿਆ ਪ੍ਰਦਾਨ ਕੀਤੀ ਜਾ ਸਕੇ।

ਉਦਾਹਰਣ ਦੇ ਤੌਰ ਤੇ, ਨੌਜੁਆਨਾਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਇੰਟਰਰਿਲੇਟ ਕੀਤਾ ਜਾ ਸਕਦਾ ਹੈ। ਸਹਾਇਕ ਵਾਤਾਵਰਣ ਦੀ ਕਮੀ ਨੌਜੁਆਨਾਂ ਨੂੰ ਨਸ਼ਾ ਅਤੇ ਸ਼ਰਾਬ ਪੀ ਕੇ ਬਦਸਲੂਕੀ ਅਤੇ ਚੋਰੀ ਆਦਿ ਕਰਨ ਲਈ ਮਜਬੂਰ ਕਰ ਸਕਦੀ ਹੈ।

**ਇੱਕਜੁੱਟ ਕਰਨਾ**:

ਆਮ ਤੌਰ ਤੇ, ਲੋਕਾਂ ਵਿੱਚ ਪੁਲਿਸ ਦੇ ਕੰਮ ਜਾਂ ਕੰਮਿਉਨਿਟੀ ਵਿੱਚ ਹਿੱਸਾ ਲੈਣ ਲਈ ਸ਼ੁਰੂਆਤੀ ਵਿਰੋਧ ਹੋ ਸਕਦਾ ਹੈ ਅਤੇ ਅਜਿਹੀ ਕਿਸੀ ਵੀ ਪਹਿਲ ਲਈ ਕੰਮਿਉਨਿਟੀ ਦਾ ਜਵਾਬਦੇਹ ਹੋਣਾ ਜ਼ਰੂਰੀ ਨਹੀਂ। ਪਰ ਕੰਮਿਉਨਿਟੀ ਕਿਸੇ ਹੋਰ ਤਰ੍ਹਾਂ ਦੀਆਂ ਸਮੱਸਿਆਵਾਂ ਲਈ ਜ਼ਰੂਰ ਜਵਾਬਦੇਹ ਹੋ ਸਕਦੀ ਹੈ ਜਾਂ ਸਵੀਕਾਰ ਸਕਦੀ ਹੈ ਜਿਵੇਂ ਕਿ - ਬਜ਼ੁਰਗਾਂ ਦੀ ਸੁਰੱਖ਼ਿਆ, ਲੜਕੀਆਂ ਅਤੇ ਬੱਚਿਆਂ ਦੀ ਤਸਕਰੀ ਦਾ ਵਿਰੋਧ ਅਤੇ ਨਸ਼ੇ ਦਾ ਖ਼ਾਤਮਾ ਆਦਿ। ਅਜਿਹੇ ਮੁੱਦੇ ਕੰਮਿਉਨਿਟੀ ਵਿੱਚ ਵਿਸ਼ਵਾਸਯੋਗਤਾ ਬਨਾਉਣ ਲਈ ਵਰਤੇ ਜਾ ਸਕਦੇ ਹਨ। ਫਿਰ ਇਹਨਾਂ ਨੂੰ ਕੰਮਿਉਨਿਟੀ ਨੂੰ ਗਤੀਸ਼ੀਲ ਬਨਾਉਣ ਅਤੇ ਅੱਗੇ ਵਧਾਉਣ ਲਈ ਪਲੇਟਫ਼ਾਰਮ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ, ਜਿਸ ਨਾਲ ਕਿ ਪੁਲਿਸ ਅਤੇ ਕੰਮਿਉਨਿਟੀ ਦੇ ਵਿੱਚ ਇੱਕਜੁੱਟਤਾ ਸਥਾਪਿਤ ਕੀਤੀ ਜਾ ਸਕੇ।

**ਕੰਮਿਉਨਿਟੀ ਪੁਲਿਸਿੰਗ ਦਾ ਸੰਦੇਸ਼ ਜਨਤਾ ਤੱਕ ਪਹੁੰਚਾਉਣਾ** :

ਕੰਮਿਉਨਿਟੀ ਪੁਲਿਸਿੰਗ ਦੇ ਪ੍ਰੋਗਰਾਮ ਨੂੰ ਇੱਕਲਤਾ ਵਿੱਚ ਕੰਮ ਕਰਨ ਦੇਣ ਦੀ ਬਜਾਏ ਇਸ ਸੰਦੇਸ਼ ਨੂੰ ਵੱਖ਼-ਵੱਖ਼ ਸੈਟਿੰਗ ਰਾਹੀਂ ਦੁਹਰਾਇਆ ਜਾਣਾ ਚਾਹੀਦਾ ਹੈ। ਇਸ ਲਈ ਜੇਕਰ ਵੱਖ਼-ਵੱਖ਼ ਸਕੂਲ, ਕੰਮ ਦੇ ਸਥਾਨ, ਕਲੱਬ, ਐੱਨ.ਜੀ.ਓ., ਮਾਂ-ਬਾਪ ਕੰਮਿਉਨਿਟੀ ਪੁਲਿਸਿੰਗ ਦੇ ਨਾਲ ਜੁੜੀ ਜਾਣਕਾਰੀ ਅਤੇ ਸਿੱਖ ਦੇਣ ਤਾਂ ਇਸ ਸੁਨੇਹੇ ਨੂੰ ਪੱਕਾ ਕੀਤਾ ਜਾ ਸਕਦਾ ਹੈ ਅਤੇ ਕੰਮਿਉਨਿਟੀ ਦੇ ਵਰਗਾਂ ਨੂੰ ਇਸ ਵਿੱਚ ਸ਼ਾਮਲ ਕਰਕੇ ਸਹਾਇਕ ਵਾਤਾਵਰਣ ਪੈਦਾ ਕੀਤਾ ਜਾ ਸਕਦਾ ਹੈ।

**ਸੰਬੰਧ ਮਜ਼ਬੂਤ ਕਰਨਾ**:

ਕੰਮਿਉਨਿਟੀ, ਮਾਪੇ, ਬਾਲਗ, ਧਾਰਮਿਕ ਨੇਤਾ (ਆਗੂ), ਕੰਮਿਉਨਿਟੀ ਅਤੇ ਪੁਲਿਸ ਦੇ ਸੰਬੰਧ ਮਜ਼ਬੂਤ ਬਨਾਉਣ ਲਈ ਸਹਾਇਕ ਮਾਹੌਲ ਪੈਦਾ ਕਰ ਸਕਦੇ ਹਨ ਅਤੇ ਸੁਰੱਖ਼ਿਆ ਜਾਲ ਪ੍ਰਦਾਨ ਕਰ ਸਕਦੇ ਹਨ। ਕੰਮਿਉਨਿਟੀ ਦੀ ਆਪਣੇ ਮਿੱਤਰਾਂ, ਪਰਿਵਾਰਾਂ ਦੇ ਨਾਲ ਸੰਬੰਧ ਦੀ ਭਾਵਨਾ ਪਦਾਰਥਕ ਅਤੇ ਛੋਟੇ ਅਪਰਾਧਿਕ ਵਿਵਹਾਰ ਦਾ ਵਿਰੋਧ ਕਰਨ ਵਿੱਚ ਸਹਾਇਕ ਤੱਤ ਮੰਨਿਆ ਗਿਆ ਹੈ।

**<u>ਖ਼ਾਸ ਸੱਭਿਆਚਾਰਕ ਲੋੜਾਂ ਦੀ ਪੂਰਤੀ</u>:**

ਇੱਕ ਪ੍ਰੋਗਰਾਮ ਦੇ ਸੱਭਿਆਚਾਰਕ ਮੁੱਲਾਂ ਦੇ ਦੁਆਲੇ ਵਿਕਾਸ ਲਈ, ਇੰਟਰੈਕਸ਼ਨ ਦੇ ਸੱਭਿਆਚਾਰਕ ਮਾਧਿਅਮ ਜਿਵੇਂ ਕਿ ਭਾਸ਼ਾ, ਵੱਖ਼-ਵੱਖ਼ ਵਰਗਾਂ ਨੂੰ ਪ੍ਰੋਗਰਾਮ ਦੇ ਨਾਲ ਜੋੜਨ ਲਈ ਸੌਖ਼ਾ ਬਣਾਉਂਦੀ ਹੈ।

**<u>ਸਟੇਕਹੋਲਡਰ ਦੀ ਪਰਿਭਾਸ਼ਾ</u>:** ਕੋਈ ਵੀ ਵਿਅਕਤੀ, ਵਰਗ, ਗ਼ਰੁੱਪ ਜਾਂ ਸੰਸਥਾ ਜੋ ਕਿ ਕਿਸੇ ਕੰਮ ਦੇ ਸਿੱਟੇ ਤੋਂ ਸਕਾਰਾਤਮਕ ਜਾਂ ਨਕਾਰਾਤਮਕ ਰੂਪ ਵਿੱਚ ਪ੍ਰਭਾਵਿਤ ਹੋਣ ਕਰਕੇ ਜਾਂ ਕਿਸੇ ਗਤੀਵਿਧੀ ਨੂੰ ਸਕਾਰਾਤਮਕ ਜਾਂ ਨਕਾਰਾਤਮਕ ਰੂਪ ਵਿੱਚ ਪ੍ਰਭਾਵਿਤ ਕਰਨ ਲਈ ਉਸ ਗਤੀਵਿਧੀ ਵਿੱਚ ਸ਼ਾਮਲ ਹੋਣ ਲਈ ਚਾਹਵਾਨ ਹੋਵੇ, ਨੂੰ ਸਟੇਕਹਲਡਰ ਕਿਹਾ ਜਾਂਦਾ ਹੈ।

# ਭਾਗ–2

# ਕੰਮਿਉਨਿਟੀ ਪਾਰਟਨਰਸ਼ਿਪ ਨੂੰ ਲਾਗੂ ਕਰਨਾ

## ਸੰਸਥਾਗਤ ਹਿੱਸੇਦਾਰੀ:

ਪਾਰਟਨਰਸ਼ਿਪ ਜਾਂ ਭਾਈਵਾਲੀ ਨੂੰ ਸਰਕਾਰੀ ਕ੍ਰਮ ਦੇ ਅਨੁਸਾਰ ਲਾਗੂ ਕਰਨਾ ਚਾਹੀਦਾ ਹੈ। ਸਟੇਕਹੋਲਡਰ ਮੌਜੂਦਾ ਸਹਿਯੋਗ ਸਿਸਟਮ ਵਿੱਚੋਂ ਹੀ ਹੋਣਾ ਚਾਹੀਦਾ ਹੈ ਜਿਵੇਂ ਕਿ ਸਥਾਨਕ ਸਰਕਾਰ, ਸਿੱਖਿਆ ਅਤੇ ਸਿਹਤ ਵਿਭਾਗ, ਸਮਾਜਿਕ ਭਲਾਈ ਵਿਭਾਗ, ਔਰਤ ਅਤੇ ਬਾਲ ਵਿਕਾਸ ਵਿਭਾਗ। ਇਹਨਾਂ ਵਿਭਾਗਾਂ ਦੇ ਪ੍ਰਤੀਨਿਧ ਕੰਮਿਉਨਿਟੀ ਪੁਲਿਸਿੰਗ ਪ੍ਰੋਗਰਾਮ ਦੇ ਸਾਬਕਾ (ex-officio) ਮੈਂਬਰ ਹੋਣਗੇ। ਇਹਨਾਂ ਤੋਂ ਇਲਾਵਾ ਸਮਾਜ ਭਲਾਈ ਸੰਸਥਾਵਾਂ, ਕਾਨੂੰਨੀ ਮਾਹਿਰ, ਸਮਾਜ ਸੇਵਕ, ਸਭਿਆਚਾਰਕ, ਸਮਾਜਿਕ ਅਤੇ ਅਕਾਦਮਿਕ ਸ਼ਖ਼ਸ਼ੀਅਤਾਂ ਅਤੇ ਵਪਾਰ ਅਤੇ ਉਦਯੋਗ ਨਾਲ ਜੁੜੇ ਕੰਮਿਉਨਿਟੀ ਮੈਂਬਰਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

ਇਹ ਸਹਿਯੋਗ ਸਿਸਟਮ ਨੂੰ ਪੁਲਿਸ ਦੇ ਕੰਮਾਂ ਵਿੱਚ ਜੋੜਨ ਲਈ ਸਹਾਇਕ ਹੋਣਗੇ। ਏਕੀਕਰਨ ਦਾ ਇੱਕ ਹੋਰ ਪੱਧਰ ਹੈ, ਕੰਮਿਉਨਿਟੀ ਪੁਲਿਸਿੰਗ ਪ੍ਰੋਗਰਾਮ ਦਾ ਪ੍ਰਬੰਧਨ ਜਿਸ ਦੇ ਅਧੀਨ ਕੰਮਿਉਨਿਟੀ ਪ੍ਰਤੀਨਿਧਾਂ ਦੇ ਨਾਲ ਮਿਲ ਕੇ ਵਸੀਲਿਆਂ ਦੀ ਨਿਆਇਕ ਵੰਡ ਕੀਤੀ ਜਾ ਸਕਦੀ ਹੈ।

## ਭਾਈਵਾਲੀ ਵਿੱਚ ਕੰਮ ਕਰਨ ਲਈ ਵਿਧੀ ਸਥਾਪਿਤ ਕਰਨਾ:

ਸਰਕਾਰੀ ਸੰਸਥਾਵਾਂ ਦੀ ਜਵਾਬਦੇਹੀ ਅਤੇ ਨਿਆਂ ਦੇਣ ਵਿੱਚ ਪਾਰਦਰਸ਼ਤਾ ਪ੍ਰਸ਼ਾਸਨ ਦਾ ਜ਼ਰੂਰੀ ਪੱਖ਼ ਹੈ। ਅੰਦਰੂਨੀ ਜਵਾਬਦੇਹੀ ਜਾਂ ਸੱਤਾ ਦਾ ਅਹੁਦੇ ਅਨੁਸਾਰ ਪ੍ਰਯੋਗ ਰਵਾਇਤੀ ਸੱਤਾ ਸਿਸਟਮ ਦਾ ਭਾਗ ਹੈ ਜਦਕਿ ਅਸਲ ਵਿੱਚ ਇਹ ਨਾਗਰਿਕਾਂ ਅਤੇ ਕਾਨੂੰਨ ਦੇ ਸਾਹਮਣੇ ਜਵਾਬਦੇਹੀ ਹੈ।

ਸੰਸਥਾਗਤ ਜਵਾਬਦੇਹੀ ਬਣਤਰ ਨੂੰ ਅਜਿਹਾ ਬਨਾਉਣ ਦੀ ਲੋੜ ਹੈ ਜੋ ਕਿ ਆਪਣੀ ਕਾਰਵਾਈ ਵਿੱਚ ਲਕਤਾਂਤਰਿਕ, ਨਾਗਰਿਕਾਂ ਦੇ ਅਧਿਕਾਰਾਂ ਦੀ ਸੁਰੱਖਿਅਕ ਅਤੇ ਬਹੁ–ਸੱਭਿਆਚਾਰਾਂ ਦੇ ਪ੍ਰਤੀ ਸੰਵੇਦਨਸ਼ੀਲ ਹੋਵੇ। ਸੰਸਥਾਵਾਂ ਦੇ ਵਿੱਚ ਅੰਦਰੂਨੀ ਜਵਾਬਦੇਹੀ, ਜ਼ਿੰਮੇਵਾਰੀ ਅਤੇ ਪਾਰਦਰਸ਼ਕ ਬਨਾਉਣ ਦੀ ਲੋੜ ਹੈ।

**ਕੰਮਿਊਨਿਟੀ ਪੁਲਿਸ ਪਾਰਟਨਰਸ਼ਿਪ ਬਨਾਉਣ ਲਈ ਪੜਾਅ:**

- ਸਟੇਕਹੋਲਡਰ ਦੀ ਪਛਾਣ ਅਤੇ ਉਹਨਾਂ ਤੱਕ ਪਹੁੰਚਣਾ।
- ਅਲਾਈਡ ਸਿਸਟਮ ਦੇ ਨਾਲ ਲਾਈਜ਼ਨਿੰਗ (ਸਿੱਖਿਆ, ਸਿਹਤ ਸਿਸਟਮ, ਜ਼ਿਲ੍ਹਾ ਪ੍ਰਸ਼ਾਸ਼ਨ)।
  - ਸਾਂਝੇ ਅਤੇ ਪੂਰਕ ਟੀਚਿਆਂ ਦੀ ਪਛਾਣ।
  - ਮਨੁੱਖੀ ਅਤੇ ਮਾਲੀ ਸਰੋਤਾਂ ਦੀ ਵੰਡ।
  - ਕੰਮਾਂ ਅਤੇ ਉਹਨਾਂ ਲਈ ਲੋੜੀਂਦੇ ਹੁਨਰ ਦੀ ਪਛਾਣ।
  - ਨਿਯਮਿਤ ਨਿਗਰਾਨੀ ਅਤੇ ਪੜਤਾਲ ਦੇ ਢੰਗ।
- ਕੰਮਿਉਨਿਟੀ ਪੁਲਿਸ ਪਾਰਟਨਰਸ਼ਿਪ: ਕਾਰਵਾਈ ਅਤੇ ਕਾਰਜ।
  - ਨਿਯਮਤ ਅੰਤਰਾਲ ਮੀਟਿੰਗਾਂ।
  - ਇੰਨਪੁੱਟ ਅਤੇ ਆਉਟਪੁੱਟ ਅਤੇ ਨਤੀਜਿਆਂ ਦਾ ਛਿਮਾਹੀ ਅਪਰੇਜ਼ਲ।
  - ਮੀਟਿੰਗਾਂ ਦੇ ਮਿੰਟਾਂ ਅਤੇ ਕੀ ਐਕਸ਼ਨ ਲਿਆ ਗਿਆ, ਦਾ ਰਿਕਾਰਡ ਰੱਖਣਾ।
- ਕੰਮਿਉਨਿਟੀ ਦੇ ਅੰਦਰੂਨੀ ਹਨਰ ਦਾ ਵਿਕਾਸ ਕਰਨਾ।
  - ਫ਼ੈਸਲੇ ਕਰਨ ਲਈ ਕੰਮਿਉਨਿਟੀ ਨੂੰ ਉਤਸ਼ਾਹ ਦੇਣਾ।
  - ਜਾਗਰੂਕਤਾ ਅਤੇ ਗਤੀਸ਼ੀਲਤਾ ਪੈਦਾ ਕਰਨਾ।
  - ਸੋਸ਼ਲ ਫ਼ੈਸਿੰਗ ਅਤੇ ਸੋਸ਼ਲ ਪੁਲਿਸਿੰਗ।
  - ਸੰਗਠਨਾਂ ਅਤੇ ਸਹਿਯੋਗ ਸਿਸਟਮ ਦੇ ਨਾਲ ਨੈਟਵਰਕਿੰਗ ਅਤੇ ਤਾਲਮੇਲ ਸਥਾਪਿਤ ਕਰਨਾ।

ਪਾਰਟਨਰਸ਼ਿਪ ਬਾਰੇ ਵੇਰਵਾ ਸਰਕਾਰੀ ਆਦੇਸ਼ ਰਾਹੀਂ ਅਤੇ ਨਿਯਮਾਂ ਦੀ ਜਾਣਕਾਰੀ ਨੂੰ ਸੂਚੀਬੱਧ ਕਰਕੇ ਦਸਤਾਵੇਜ਼ ਦੇ ਰੂਪ ਵਿੱਚ ਤਿਆਰ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਪ੍ਰਸ਼ਾਸ਼ਨ, ਵਿੱਤ ਅਤੇ ਮਨੁੱਖੀ ਸਰੋਤਾਂ ਦੇ ਅੰਦਰੂਨੀ ਅਤੇ ਬਾਹਰੀ ਲਿੰਕੇਜ਼ਿਜ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

ਫ਼ੈਸਲੇ ਲੈਣ ਦੀ ਪ੍ਰਕਿਰਿਆ ਨੂੰ ਪਾਰਦਰਸ਼ੀ ਬਨਾਉਣਾ ਚਾਹੀਦਾ ਹੈ। ਮੀਟਿੰਗਾਂ ਨੂੰ ਰਸਮੀ ਤੌਰ ਤੇ ਰਿਕਾਰਡ ਕੀਤਾ ਜਾਣਾ ਚਾਹੀਦਾ ਹੈ। ਕੰਮਿਉਨਿਟੀ ਪੁਲਿਸਿੰਗ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਅਤੇ ਫ਼ੰਡਾਂ ਦੀ ਵੰਡ ਲਈ ਇੱਕ ਵਿਸਤਾਰਪੂਰਵਕ ਵੇਰਵਾ ਤਿਆਰ ਕਰਨ ਦੀ ਲੋੜ ਹੈ।

## ਸਟੇਕਹੋਲਡਰ ਦੇ ਕੰਮ:

ਸਟੇਕਹੋਲਡਰ ਦੀ ਭੂਮਿਕਾ ਅਤੇ ਕੰਮਾਂ ਨੂੰ ਸਪੱਸ਼ਟ ਤੌਰ ਤੇ ਪਰਿਭਾਸ਼ਿਤ ਕਰਨ ਦੀ ਲੋੜ ਹੈ। ਪ੍ਰੋਗਰਾਮ ਦੀ ਸਥਿਰਤਾ ਮੰਗ ਕਰਦੀ ਹੈ ਕਿ ਸਟੇਕਹੋਲਡਰ ਦੇ ਕੰਮਾਂ ਸੰਬੰਧੀ ਇੱਕ ਸੰਗਠਿਤ ਯੋਜਨਾ ਤਿਆਰ ਕੀਤੀ ਜਾਵੇ।

## <u>ਸੇਵਾ ਪ੍ਰਬੰਧਨ ਵਿੱਚ ਕਮੇਟੀ ਮੈਂਬਰਾਂ ਦੀ ਭੂਮਿਕਾ</u>:

ਇੱਕ ਪ੍ਰਮਾਣਿਕ ਸੇਵਾ ਦੇਣ ਦੀ ਵਿਧੀ ਨੂੰ ਸਥਾਪਿਤ ਕੀਤੇ ਜਾਣ ਦੀ ਲੋੜ ਹੈ। ਜਿਵੇਂ ਕਿ ਪੁਲਿਸ ਦੇ ਖ਼ਿਲਾਫ਼ ਸ਼ਿਕਾਇਤਾਂ ਦੇ ਨਿਵਾਰਣ ਲਈ, ਮਹਿਲਾਵਾਂ ਦੇ ਖ਼ਿਲਾਫ ਅਪਰਾਧਾਂ ਨਾਲ ਨਜਿੱਠਣ ਲਈ ਸਲਾਹ ਅਤੇ ਵਕਾਲਤ, ਕਮਜ਼ੋਰ ਅਤੇ ਗ਼ਰੀਬ ਲਈ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਨਾਗਰਿਕਾਂ ਲਈ ਸਿੰਗਲ ਵਿੰਡੋ ਪੁਲਿਸ ਸੇਵਾਵਾਂ।

<u>ਮੁੱਖ਼ ਮੁੱਦੇ</u>:

ਕੰਮਿਉਨਿਟੀ ਪਾਰਟਨਰਸ਼ਿਪ ਦੀ ਕਾਰਜਕਾਰੀ ਬਣਤਰ ਨੂੰ ਚਾਰ ਪੱਧਰ ਤੇ ਲਾਗੂ ਕੀਤਾ ਗਿਆ ਹੈ।

- ਰਾਜ ਪੱਧਰ ਤੇ ਕੰਮਿਉਨਿਟੀ ਅਫੇਰਜ਼ ਡਵੀਜ਼ਨ (CAD)
- ਜ਼ਿਲ੍ਹਾ ਪੱਧਰ ਤੇ ਸਾਂਝ ਕੇਂਦਰ: ਕੰਮਿਉਨਿਟੀ ਪੁਲਿਸ ਰਿਸਾੱਰਸ ਸੈਂਟਰਜ਼ (CPRC)
- ਸਬ-ਡਵੀਜ਼ਨ ਪੱਧਰ ਤੇ ਸਾਂਝ ਕੇਂਦਰ: ਕੰਮਿਉਨਿਟੀ ਪੁਲਿਸ ਸੁਵਿਧਾ ਸੈਂਟਰਜ਼ (CPSC)
- ਥਾਣਾ ਪੱਧਰ ਤੇ ਸਾਂਝ ਕੇਂਦਰ: ਪੁਲਿਸ ਸਟੇਸ਼ਨ ਆਊਟਰੀਚ ਸੈਂਟਰਜ਼ (PSOC)

<u>ਕੰਮਿਉਨਿਟੀ ਪੁਲਿਸਿੰਗ ਕਮੇਟੀਆਂ ਦੇ ਮੁੱਢਲੇ ਕੰਮ</u>:

- ਜਾਗਰੁਕਤਾ ਪੈਦਾ ਕਰਨਾ।
- ਕੰਮਿਉਨਿਟੀ ਦੀ ਗਤੀਸ਼ੀਲਤਾ ਅਤੇ ਸ਼ਮੂਲੀਅਤ ਨੂੰ ਯਕੀਨੀ ਬਨਾਉਣਾ।
- ਇੰਟਰਲਿੰਕੇਜ਼ ਅਤੇ ਨੈਟਵਰਕਿੰਗ ਦੀ ਉਸਾਰੀ।
- ਅਪਰਾਧ ਦੀ ਰੋਕਥਾਮ।
- ਸ਼ਿਕਾਇਤ ਨਿਵਾਰਣ।
- ਖ਼ੇਤਰ ਖ਼ਾਸ ਦੀ ਸਿਖ਼ਲਾਈ।

<u>ਕੰਮਿਉਨਿਟੀ ਪਾਰਟਨਰਸ਼ਿਪ ਬਨਾਉਣ ਲਈ ਤੱਤ</u>:

- ਸ਼ੁਰੂ ਤੋਂ ਹੀ ਕੰਮਿਉਨਿਟੀ ਨੂੰ ਸ਼ਾਮਿਲ ਕਰਨਾ।
- ਇੰਟਰਲਿੰਕੇਜ਼ ਬਨਾਉਣਾ।
- ਇੱਕਜੁੱਟ ਕਰਨਾ।
- ਕੰਮਿਉਨਿਟੀ ਪੁਲਿਸਿੰਗ ਦੇ ਸ਼ੰਦੇਸ਼ ਨੂੰ ਪੱਕਾ ਕਰਨਾ।
- ਸੰਬੰਧ ਮਜ਼ਬੂਤ ਕਰਨਾ।
- ਖ਼ਾਸ ਸਭਿਆਚਾਰਕ ਲੋੜਾਂ ਦੀ ਪੂਰਤੀ।

<u>ਕੰਮਿਉਨਿਟੀ ਪਾਰਟਨਰਸ਼ਿਪ ਨੂੰ ਲਾਗੂ ਕਰਨਾ</u>:

- ਸੰਸਥਾਗਤ ਸ਼ਮੂਲੀਅਤ ਦੀ ਵਿਧੀ।
- ਭਾਈਚਾਰੇ ਵਿੱਚ ਕੰਮ ਕਰਨ ਲਈ ਵਿਧੀ ਸਥਾਪਤ ਕਰਨਾ।
- ਭੂਮਿਕਾ ਅਤੇ ਕੰਮਾਂ ਦੀ ਪਰਿਭਾਸ਼ਾ।
- ਸੇਵਾ ਪ੍ਰਬੰਧ ਵਿੱਚ ਕਮੇਟੀ ਮੈਂਬਰ ਦੀ ਭੂਮਿਕਾ।

# ਭਾਗ–3

# ਰਣਨੀਤੀ

**ਕਮਿਉਨਿਟੀ ਦਾ ਸਹਿਯੋਗ ਇਕੱਤਰ ਕਰਨਾ:**

ਇਹ ਪਹਿਲ ਸਹਿਯੋਗੀ ਰਿਸ਼ਤਾ ਤੁਲਨਾਤਮਕ ਫ਼ਾਇਦਾ ਅਧਿਕਾਰੀਆਂ, ਵਾਲੰਟੀਅਰਜ਼ ਅਤੇ ਸਹਿਯੋਗੀ ਬਣਤਰ ਦੇ ਵਿਚਾਰ ਅਤੇ ਅਸਰਦਾਰ ਡਵੀਜ਼ਨ ਆਫ਼ ਲੇਬਰ ਤੇ ਆਧਾਰਿਤ ਹੈ।

ਇਹ ਪਾਰਟਨਰਸ਼ਿਪ ਕੰਮਿਉਨਿਟੀ ਦੀ ਭਾਗੀਦਾਰੀ, ਗਤੀਸ਼ੀਲਤਾ, ਇਲਾਕਿਆਂ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਸੁਧਾਰਨ ਲਈ ਸਹਿਯੋਗ, ਨਾਗਰਿਕ ਅਧਿਕਾਰਾਂ ਬਾਰੇ ਜਾਗਰੁਕਤਾ ਫੈਲਾਉਣ ਅਤੇ ਸਮਾਜ ਦੇ ਕਮਜ਼ੋਰ ਵਰਗ ਨਾਲ ਸੰਬੰਧਿਤ ਮੁੱਦਿਆਂ ਬਾਰੇ ਕੰਮਿਉਨਿਟੀ ਨੂੰ ਸੰਵੇਦਨਸ਼ੀਲ ਬਨਾਉਣ ਲਈ ਫ਼ਾਇਦੇਮੰਦ ਸਾਬਿਤ ਹੋਵੇਗੀ। ਭਾਵੇਂ ਇਹ ਉਪਰਾਲਾ ਕੰਮਿਉਨਿਟੀ ਦੇ ਪ੍ਰਤੀਨਿਧਾਂ, ਪੁਲਿਸ ਅਤੇ ਵਾਲੰਟੀਅਰਜ਼ ਦੇ ਵਿਚਕਾਰ ਇੱਕ ਸੰਯੁਕਤ ਉੱਦਮ ਹੈ, ਪਰ ਇਸ ਨੂੰ ਕੰਮਿਉਨਿਟੀ ਦੀ ਭਾਗੀਦਾਰੀ ਦੇ ਨਾਲ ਹੀ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ।

**ਸ਼ੋਸ਼ਲ ਅਤੇ ਲੋਕਾਂ ਦੀ ਪੁਲਿਸ :**

ਅਪਰਾਧ ਰੋਕਥਾਮ ਦਾ ਨਜ਼ਰੀਆ ਇਸ ਧਾਰਨਾ ਤੇ ਆਧਾਰਿਤ ਹੈ ਕਿ ਕੰਮਿਉਨਿਟੀ ਆਪਣੇ ਅਧਿਕਾਰਾਂ ਨੂੰ ਜਾਣਦੀ ਹੈ ਅਤੇ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਹੈ। ਲਾਗੂ ਕਰਨ ਜਾਂ ਧੱਕੇਸ਼ਾਹੀ ਦੀ ਪੁਲਿਸਿੰਗ ਤੋਂ ਧਿਆਨ ਹਟਾ ਕੇ ਇਹ ਜ਼ਰੂਰੀ ਹੈ ਕਿ ਲੋਕਾਂ ਰਾਹੀਂ ਅਤੇ ਲੋਕਾਂ ਲਈ ਪੁਲਿਸ ਦੀ ਧਾਰਨਾ ਨੂੰ ਅਪਣਾਇਆ ਜਾਵੇ।

ਇਹ ਧਾਰਨਾ ਕੰਮਿਉਨਿਟੀ ਦੇ ਅਜਿਹੇ ਮੈਂਬਰਾਂ ਦੀ ਸ਼ਮੂਲੀਅਤ, ਖ਼ਾਸ ਤੌਰ ਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕਾਂ ਦਾ ਅਜਿਹਾ ਗਰੁੱਪ ਜੋ ਕਿ ਭਟਕੇ ਹੋਏ ਵਿਅਕਤੀਆਂ ਦੀ ਅਗਵਾਈ ਕਰੇ, ਸਮਾਜ ਦੀ ਸੁਰੱਖਿਆ ਕਰੇ, ਸਮਾਜਿਕ ਕੋਡ ਨੂੰ ਬਣਾ ਕੇ ਰੱਖੇ ਅਤੇ ਵਿਅਕਤੀਗਤ ਇੱਕਜੁੱਟਤਾ ਬਣਾ ਕੇ ਰੱਖੇ ਨਾਲ ਸਬੰਧਤ ਹੈ।

ਇਸ ਸਮਾਜਿਕ ਪੁਲਿਸ ਦੀ ਧਾਰਨਾ ਨੂੰ ਸਮਾਜਿਕ ਸਹਿਯੋਗ ਬਣਤਰ ਜਿਵੇਂ ਕਿ ਪੰਚਾਇਤਾਂ ਅਤੇ ਨੌਜਵਾਨਾਂ ਵਾਲੰਟੀਅਰਾਂ ਦੀ ਸਹਾਇਤਾ ਦੇ ਨਾਲ ਸ਼ੁਰੂ ਕੀਤਾ ਜਾ ਸਕਦਾ ਹੈ।

**ਸਮਾਜਿਕ ਫੈਂਸਿੰਗ :-**

ਗ਼ੈਰ-ਸਰਕਾਰੀ ਸੰਸਥਾਵਾਂ, ਸਮਾਜ ਸੇਵਕ ਅਤੇ ਵਾਲੰਟੀਅਰ ਸ਼ੋਸ਼ਲ ਨੈਟਵਰਕ ਬਣਾ ਕੇ ਸਥਾਨਕ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਰੂਪ ਵਿੱਚ ਨਿਪਟ ਸਕਦੇ ਹਨ। ਜਿਵੇਂ ਕਿ ਕੋਈ ਅਜਿਹਾ ਸ਼ਹਿਰ ਜਿੱਥੇ ਕਿਸੇ ਇੱਕ ਤਰ੍ਹਾਂ ਦਾ ਇਲਾਕਾ ਜਿੱਥੇ ਨੌਜਵਾਨ ਵਿਦਿਆਰਥੀਆਂ ਦੀ ਸੰਖ਼ਿਆਂ ਜ਼ਿਆਦਾ ਹੋਵੇ। ਇਸ ਤਰ੍ਹਾਂ ਨੌਜਵਾਨਾਂ ਦੀ ਖ਼ਾਸ ਸਮੱਸਿਆ ਜਿਵੇਂ ਕਿ ਨਸ਼ਿਆਂ ਦੀ ਸਮੱਸਿਆ ਨਾਲ ਨਿਪਟਣ ਲਈ ਸ਼ੋਸ਼ਲ ਫੈਸਿੰਗ ਦੇ ਤਰੀਕੇ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਨੌਜਵਾਨ ਆਗੂ, ਸਮਾਜ ਸੇਵਕ, ਐੱਨ.ਜੀ.ਓ. ਅਤੇ ਅਧਿਆਪਕ ਅਜਿਹੇ ਖ਼ੇਤਰਾਂ ਅਤੇ ਗੁਟਾਂ ਨੂੰ ਪਛਾਣ ਸਕਦੇ ਹਨ ਅਤ ਗੱਲਬਾਤ ਕਰ ਸਕਦੇ ਹਨ ਜੋ ਕਿ ਨਸ਼ਿਆਂ ਦੀ ਸਮੱਸਿਆ ਦਾ ਹੱਲ ਹਨ। ਇਸ ਤੋਂ ਇਲਾਵਾ ਉਹ ਜਾਗਰੂਕਤਾ ਅਭਿਆਨ ਚਲਾ ਕੇ, ਪੀਅਰ/ਮਿੱਤਰ ਗਰੁੱਪ ਦੀ ਸਲਾਹ ਰਾਹੀਂ, ਨਸ਼ਿਆਂ ਨੂੰ ਛੁਡਾਉਣ ਦੀ ਸਹੂਲਤਾਂ ਉਪਲੱਬਧ ਕਰਵਾ ਕੇ ਅਤੇ ਵਿੱਦਿਅਕ ਗਤੀਵਿਧੀਆਂ ਰਾਹੀਂ ਅਤੇ ਸਮਾਜਿਕ ਸੰਵੇਦਨਸ਼ੀਲਤਾ ਪੈਦਾ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

**ਜਾਗਰੂਕਤਾ ਅਤੇ ਸੰਵੇਦਨਸ਼ੀਲਤਾ :-**

ਕੰਮਿਉਨਿਟੀ ਪੁਲਿਸਿੰਗ ਦੇ ਜ਼ਰੀਏ ਨਾਗਰਿਕਾਂ ਨੂੰ ਆਪਣੇ ਹੱਕਾਂ ਅਤੇ ਫ਼ਰਜਾਂ ਦੇ ਪ੍ਰਤੀ ਜਾਗਰੂਕ ਬਨਾਉਣ ਅਤੇ ਸਮਾਜ ਦੇ ਪਛੜੇ ਵਰਗਾਂ ਦੇ ਪ੍ਰਤੀ ਸੰਵੇਦਨਸ਼ੀਲ ਬਨਾਉਣ ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕੰਮਿਉਨਿਟੀ ਪੁਲਿਸਿੰਗ ਦੇ ਨਾਲ ਕਮਿਉਨਿਟੀ ਨੂੰ ਆਪਣੇ ਹੱਕਾਂ ਦੀ ਰੱਖ਼ਿਆ ਲਈ ਜਾਗਰੂਕ ਕਰਨ ਅਤੇ ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਣ ਦਾ ਮਕਸਦ ਪੂਰਾ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

**ਇੰਟਰਲਿੰਕੇਜ ਅਤੇ ਨੈਟਵਰਕਿੰਗ:-**

ਇਸ ਤਰ੍ਹਾਂ ਸਹਿਯੋਗੀ ਦਖ਼ਲ ਦੀ ਧਾਰਨਾ ਦੇ ਨਾਲ ਇੱਕਸੁਰ ਵਾਲੰਟੀਅਰਾਂ, ਪੁਲਿਸ ਕਰਮਚਾਰੀ, ਐਂਨ.ਜੀ.ਓ. ਅਤੇ ਹੋਰਾਂ ਦੇ ਨਾਲ ਤਾਲਮੇਲ ਅਤੇ ਇੰਟਰਲਿੰਕੇਜ ਬਨਾਉਣ ਦੀ ਲੜ ਹੈ। ਉਦਾਹਰਣ ਦੇ ਤੌਰ ਤੇ, ਨੌਜਵਾਨਾਂ ਨੂੰ ਪੁਲਿਸ ਨਿਯਮਾਂ ਦੇ ਪ੍ਰਤੀ ਸੰਵੇਦਨਸ਼ੀਲ ਬਨਾਉਣ ਲਈ, ਕੰਮਿਉਨਿਟੀ ਪੁਲਿਸਿੰਗ ਨੂੰ ਟ੍ਰੈਫਿਕ ਦੇ ਨਿਯਮਾਂ ਤੇ ਜਾਗਰੂਕਤਾ ਮੁਹਿੰਮ ਚਲਾਉਣ ਲਈ, ਸਕੂਲ, ਕਾਲਜ ਅਤੇ ਹੋਰ ਵਿੱਦਿਅਕ ਸੰਸਥਾਵਾਂ ਦੇ ਨਾਲ ਸੰਬੰਧਿਤ ਕੀਤਾ ਜਾ ਸਕਦਾ ਹੈ। ਨਾਲ ਹੀ ਕੰਮਿਉਨਿਟੀ ਪੁਲਿਸਿੰਗ ਦੇ ਵੱਡੇ ਸਕਪ ਦੇ ਪ੍ਰਸੰਗ ਵਿੱਚ ਸਮਾਜਿਕ ਸਿਹਤ, ਵਾਤਾਵਰਣ ਸੰਸਥਾਵਾਂ ਦੇ ਨਾਲ ਸੰਬੰਧ ਸਥਾਪਤ ਕਰਨਾ ਅਤੇ ਪ੍ਰੋਗਰਾਮ ਨੂੰ ਉਹਨਾਂ ਦੇ ਨਾਲ ਜੁੜੇ ਮੁੱਦਿਆਂ ਦੇ ਅਨੁਸਾਰ ਢੁੱਕਵਾਂ ਬਨਾਓਣ ਲਈ ਉਹਨਾਂ ਦੇ ਕੰਮਾਂ ਵਿੱਚ ਲੋੜੀਂਦੀ ਇੰਟਰਵੈਨਸ਼ਨ ਕਰਨਾ ਵੀ ਸ਼ਾਮਿਲ ਹੈ।

**<u>ਟਾਰਗੈਟਿਡ ਅਪਰੋਚ</u> :-**

ਕਿਸ ਖ਼ਾਸ ਖ਼ੇਤਰ ਅਤੇ ਮੁੱਦਿਆਂ ਤੇ ਕੰਮਿਉਨਿਟੀ ਪੁਲਿਸਿੰਗ ਨੂੰ ਇੱਕ ਟਾਰਗੈਟਿਡ ਅਪਰੋਚ ਨੂੰ ਅਪਨਾਉਣ ਦੀ ਅਤੇ ਸਹਿਯੋਗੀ ਗਤੀਵਿਧੀਆਂ ਅਤੇ ਬਣਤਰ ਦੀ ਲੋੜ ਹੈ। ਝੁੱਗੀਆਂ ਅਤੇ ਪਿੰਡਾਂ ਵਿੱਚ ਰਹਿਣ ਵਾਲੀ ਆਬਾਦੀ ਦੀਆਂ ਵੱਖ਼-ਵੱਖ਼ ਲੋੜਾਂ ਅਤੇ ਸਮੱਸਿਆਵਾਂ ਹੁੰਦੀਆਂ ਹਨ। ਜਿਵੇਂ ਕਿ ਝੁੱਗੀਆਂ ਵਿੱਚ ਰਹਿਣ ਵਾਲੀ ਪ੍ਰਵਾਸੀ ਆਬਾਦੀ ਆਪਣੇ ਹੱਕਾਂ ਬਾਰੇ ਜਾਗਰੂਕ ਨਹੀਂ ਹੁੰਦੀ ਅਤੇ ਪਿੰਡਾਂ ਵਿੱਚ ਜ਼ਮੀਨੀ ਝਗੜੇ ਅਤੇ ਦਹੇਜ ਦੀਆਂ ਸਮੱਸਿਆਵਾਂ ਦੀ ਬਹੁਤਾਤ ਹੁੰਦੀ ਹੈ।

ਇਸ ਕਰਕੇ ਕੰਮਿਉਨਿਟੀ ਪੁਲਿਸਿੰਗ ਦੁਆਰਾ ਜਨਤਾ ਦੀਆਂ ਵੱਖ਼-ਵੱਖ਼ ਲੋੜਾਂ ਮੁਤਾਬਿਕ ਇੱਕ ਨਿਯਤ ਅਪਰੋਚ ਤਿਆਰ ਕਰਨ ਦੀ ਲੋੜ ਹੈ ਤਾਂ ਜੋ ਉਹਨਾਂ ਦੀ ਜਾਗਰੂਕਤਾ, ਗਤੀਸ਼ੀਲਤਾ ਅਤੇ ਸੰਵੇਦਨਸ਼ੀਲਤਾ ਲਈ ਉਪਰਾਲੇ ਕੀਤੇ ਜਾ ਸਕਣ। ਕਾਨੂੰਨ ਦੇ ਰਾਜ ਅਤੇ ਚੰਗੇ ਸ਼ਾਸ਼ਨ ਦਾ ਅਸੂਲ ਹੈ ਕਿ ਕੰਮਿਉਨਿਟੀ, ਇੰਟਰਸਟ ਗਰੁੱਪ ਅਤੇ ਸਟੇਕਹੋਲਡਰਾਂ ਨੂੰ ਸਾਸ਼ਨ ਢਾਂਚੇ ਦੇ ਕੰਮਕਾਜ ਵਿੱਚ ਸ਼ਾਮਲ ਕੀਤਾ ਜਾਵੇ। ਪਰ ਇਸ ਨੂੰ ਪਰਤਵਾਰ, ਜਵਾਬਦੇਹ ਅਤੇ ਸੰਸਥਾਗਤ ਬਨਾਉਣ ਦੀ ਲੋੜ ਹੈ। ਉਦਾਹਰਣ ਦੇ ਤੌਰ ਤੇ ਇਹਨਾਂ ਨੂੰ ਭਾਗੀਦਾਰੀ ਦੇ ਵੱਖ਼-ਵੱਖ਼ ਪੱਧਰ ਤੇ ਮੁੜ ਤਿੰਨ ਪੜਾਵਾਂ ਵਿੱਚ ਵੰਡਿਆਂ ਜਾ ਸਕਦਾ ਹੈ। ਆਦਰਸ਼ ਰੂਪ ਵਿੱਚ, ਇਹਨਾਂ ਪੜਾਵਾਂ ਨੂੰ ਯੋਜਨਾ ਬਨਾਉਣ, ਲਾਗੂ ਕਰਨ ਅਤੇ ਨਿਗਰਾਨੀ ਕਰਨ ਦੇ ਕਾਰਜ ਵੱਜੋਂ ਵੀ ਦੇਖਿਆ ਜਾ ਸਕਦਾ ਹੈ। ਅਜਿਹੇ ਕਾਨੂੰਨ ਅਤੇ ਨੀਤੀਆਂ ਜੋ ਕਿ ਪਹਿਲਾਂ ਹੀ ਹੋਂਦ ਵਿੱਚ ਹਨ ਸੰਸਥਾਗਤ ਕੰਮਿਉਨਿਟੀ ਇੰਟਰਫ਼ੇਸ ਰਾਹੀਂ ਸ਼ਮੂਲੀਅਤ ਨੂੰ ਯਕੀਨੀ ਬਣਾ ਸਕਦੇ ਹਨ। ਕੰਮਿਉਨਿਟੀ ਦੀ ਭਾਗੇਦਾਰੀ ਉਹਨਾਂ ਦੀ ਜਾਗਰੂਕਤਾ ਦੇ ਪੱਧਰ ਤੇ ਵੱਖ਼-ਵੱਖ਼ ਹੋ ਸਕਦੀ ਹੈ।

ਸਾਂਝ ਪ੍ਰੋਗਰਾਮ ਕੰਮਿਉਨਿਟੀ ਦੀ ਭਾਗੀਦਾਰੀ ਤੇ ਆਧਾਰਿਤ ਹੈ। ਵੱਖ਼-ਵੱਖ਼ ਸਰਵੇਖ਼ਣਾਂ ਦੇ ਨਤੀਜੇ ਦੱਸਦੇ ਹਨ ਕਿ ਪੁਲਿਸ ਜਨਤਾ ਦੇ ਪ੍ਰਤੀ ਆਪਣੀ ਗ਼ੈਰ-ਦੋਸਤਾਨਾ ਛਵੀ ਸੁਧਾਰਨ ਲਈ ਕੰਮਿਉਨਿਟੀ ਪੁਲਿਸਿੰਗ ਪ੍ਰੋਗਰਾਮ ਨੂੰ ਇੱਕ ਯੰਤਰ ਦੇ ਰੂਪ ਵਿੱਚ ਵਰਤੋਂ ਕਰਦੀ ਹੈ।

ਆਈ.ਡੀ.ਸੀ. ਦੇ ਇੱਕ ਸਰਵੇਖ਼ਣ (1999) ਤੋਂ ਪਤਾ ਲੱਗਦਾ ਹੈ ਕਿ ਕੰਮਿਉਨਿਟੀ ਦੇ ਜ਼ਿਆਦਾਤਰ ਮੈਂਬਰਾਂ ਦੇ ਵਿੱਚ ਅਪਰਾਧ ਦੀ ਖ਼ੋਜ ਲਈ ਜਾਣਕਾਰੀ ਇਕੱਠਾ ਕਰਨ, ਆਵਾਜਾਈ ਦੇ ਪ੍ਰਬੰਧਨ ਅਤੇ ਸੁਰੱਖ਼ਿਆ ਪ੍ਰਦਾਨ ਕਰਨ ਵਾਲੇ ਨੇਬਰਹੁੱਡ ਵਾਚ ਗਰੁੱਪ ਦੀ ਭੂਮਿਕਾ ਨਿਭਾਉਣ ਦਾ ਵਿਰੋਧ ਹੈ। ਨਾਲ ਹੀ ਇਹ ਵੀ ਦੇਖਿਆ ਗਿਆ ਹੈ ਕਿ ਕੰਮਿਉਨਿਟੀ ਪੁਲਿਸਿੰਗ ਪ੍ਰੋਗਰਾਮ ਨੂੰ ਜ਼ਬਰਦਸਤੀ ਲਾਗੂ ਕੀਤਾ ਗਿਆ ਹੈ ਜਦਕਿ ਕੰਮਿਉਨਿਟੀ ਪੁਲਿਸਿੰਗ ਦੀ ਧਾਰਨਾ ਕੰਮਿਉਨਿਟੀ ਅਤੇ ਪੁਲਿਸ ਦੀ ਉਹ ਭਾਗੀਦਾਰੀ ਹੈ ਜੋ ਕਿ ਮਿੱਤਰਤਾ ਭਰੇ ਸੰਬੰਧਾਂ ਤੇ ਆਧਾਰਿਤ ਹੈ। ਕੰਮਿਉਨਿਟੀ ਪੁਲਿਸਿੰਗ ਲਈ ਮੌਜੂਦਾ ਯਤਨ ਕਾਫ਼ੀ ਸਧਾਰਨ ਅਤੇ ਘੱਟ ਜਾਪਦੇ ਹਨ ਕਿਉਂਕਿ ਇਹਨਾਂ ਰਾਹੀਂ ਸਿਰਫ਼ ਸਿੰਗਲ ਵਿੰਡੋ ਕਲੀਅਰੈਂਸ ਦੇਣ ਅਤੇ

ਕੰਮਿਉਨਿਟੀ ਨੂੰ ਫੈਸਲੀਟੇਟਰ ਦੇ ਰੂਪ ਵਿੱਚ ਵਰਤੋਂ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਸਾਂਝ ਪ੍ਰੋਗਰਾਮ ਦੇ ਅਧੀਨ ਕੰਮਿਉਨਿਟੀ ਦੇ ਨਾਲ ਭਾਈਵਾਲੀ ਬਨਾਉਣ ਦੀਆਂ ਹੱਦਾਂ ਨੂੰ ਮੁੜ ਪਰਭਾਸ਼ਿਤ ਕਰਨ ਦਾ ਯਤਨ ਕੀਤਾ ਗਿਆ ਹੈ।

# ਭਾਗ–4

# ਸਾਂਝ ਕਮੇਟੀਆਂ

## ਰਾਜ ਪੱਧਰੀ ਕਾਰਡੀਨੇਸ਼ਨ ਐਂਡ ਰੀਵਿਊ ਕਮੇਟੀ (SLCRC) ਦੀ ਬਣਤਰ ਅਤੇ ਕੰਮ

ਪੰਜਾਬ ਵਿੱਚ ਕੰਮਿਉਨਿਟੀ ਪਾਰਟੀਸੀਪੇਸ਼ਨ ਦੇ ਸਭ ਤੋਂ ਉੱਚੇ ਪੱਧਰ ਤੇ ਆਉਂਦੀ ਹੈ। ਇਹ ਕਮੇਟੀ ਨਵੇਂ ਕੰਮਿਉਨਿਟੀ ਪ੍ਰੋਗਰਾਮ ਬਨਾਉਣ, ਵਿਕਾਸ ਕਰਨ, ਲਾਗੂ ਕਰਨ ਅਤੇ ਚਲਦੇ ਹੋਏ ਪ੍ਰੋਗਰਾਮਾਂ ਦੀ ਸਮੀਖ਼ਿਆ ਕਰਨ ਵਿੱਚ ਕੰਮਿਉਨਿਟੀ ਅਫ਼ੇਰਜ਼ ਡਵੀਜ਼ਨ (CAD) ਦਾ ਸਾਥ ਦਿੰਦੀ ਹੈ। ਇਹ ਕਮੇਟੀ ਰਾਜ ਦੀਆਂ ਮੌਜੂਦਾ ਲੋੜਾਂ ਅਨੁਸਾਰ ਕੋਈ ਨਵਾਂ ਪ੍ਰੋਗਰਾਮ ਸ਼ੁਰੂ ਕਰਨ ਦਾ ਸੁਝਾਅ ਦੇ ਸਕਦੀ ਹੈ। ਪਰ ਅਜਿਹਾ ਸੁਝਾਅ ਉਸ ਦੀ ਬੁਨਿਆਦੀ ਗਤੀਵਿਧੀਆਂ ਤੋਂ ਹਟ ਕੇ ਹੋਣਾ ਚਾਹੀਦਾ ਹੈ। ਬੁਨਿਆਦੀ ਗਤੀਵਿਧੀਆਂ ਸਾਂਝ ਪ੍ਰੋਗਰਾਮ ਦਾ ਲਾਜ਼ਮੀ ਭਾਗ ਹਨ, ਇਸ ਕਰਕੇ ਇਹਨਾਂ ਵਿੱਚ ਕੋਈ ਵੀ ਤਬਦੀਲੀ ਮੰਜ਼ੂਰ ਨਹੀਂ ਕੀਤੀ ਜਾਵੇਗੀ।

| ਰਾਜ ਪੱਧਰੀ ਕਮੇਟੀ ਦੇ ਮੈਂਬਰ | |
|---|---|
| **ਸਰਕਾਰੀ (ਆਫ਼ੀਸ਼ੀਅਲ) ਮੈਂਬਰ** | **ਗ਼ੈਰ–ਸਰਕਾਰੀ (ਨਾਨ–ਆਫ਼ੀਸ਼ੀਅਲ) ਮੈਂਬਰ** |
| • ਨੋਡਲ ਅਫ਼ਸਰ (CAD)<br>• IG ਕੰਮਿਉਨਿਟੀ ਪੁਲਿਸਿੰਗ | • ਰਾਜ ਪੱਧਰੀ ਐੱਨ.ਜੀ.ਓ. ਦੇ ਤਿੰਨ ਨੁਮਾਇੰਦੇ<br>• ਹੇਠ ਲਿਖੇ ਖ਼ੇਤਰਾਂ ਵਿੱਚੋਂ ਹਰੇਕ ਵਿੱਚੋਂ 4 ਅਕਾਡਮੀਸ਼ੀਅਨ<br>– ਪੁਲਿਸ ਪ੍ਰਸ਼ਾਸਨ<br>– ਕਾਨੂੰਨ<br>– ਮਨੁੱਖੀ ਅਧਿਕਾਰ (ਔਰਤਾਂ ਅਤੇ ਬੱਚਿਆਂ ਦੇ ਅਧਿਕਾਰ)<br>– ਸਮਾਜਿਕ ਸ਼ਾਸਤਰ<br>**ਕਾਰਜਕਾਲ:** ਇਹ ਮੈਂਬਰ 2 ਸਾਲ ਦੇ ਕਾਰਜਕਾਲ ਲਈ ਚੁਣੇ ਜਾਂਦੇ ਹਨ, ਜਿਸ ਨੂੰ ਕਿ ਮੁੜ 3 ਸਾਲ ਤੱਕ ਵਧਾਇਆ ਜਾ ਸਕਦਾ ਹੈ। |
| • IG ਜ਼ੋਨਜ਼<br>• DIG ਰੇਂਜਸ | |

1. CAD ਦਾ ਨੋਡਲ ਅਫ਼ਸਰ ਕਮੇਟੀ ਦੀ ਮੀਟਿੰਗ ਬੁਲਾਵੇਗਾ।

2. ਹੈੱਡਕੁਆਟਰ ਵਿੱਚ CAD ਦੇ ਦਫ਼ਤਰ ਵਿੱਚ ਤਿਮਾਹੀ, ਕਮੇਟੀ ਦੀ ਮੀਟਿੰਗ ਦਾ ਪ੍ਰਬੰਧ ਕੀਤਾ ਜਾਵੇਗਾ।
3. ਸੰਕਟਕਾਲੀਨ ਸਥਿਤੀ ਵਿੱਚ ਬਕਾਇਦਾ ਏਜੰਡਾ ਸਹਿਤ ਪਹਿਲਾਂ ਨੋਟਿਸ ਦੇ ਕੇ ਮੀਟਿੰਗ ਬੁਲਾਈ ਜਾ ਸਕਦੀ ਹੈ।
4. ਇਹ ਕਮੇਟੀ ਵੱਖ਼-ਵੱਖ਼ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜ ਅਨੁਸਾਰ ਵੱਖ਼-ਵੱਖ਼ ਕੰਮਿਉਨਿਟੀ ਪੁਲਿਸਿੰਗ ਦੀਆਂ ਗਤੀਵਿਧੀਆਂ ਵਿੱਚ ਸਹਿਯੋਗ ਦੇਣ ਲਈ ਸੱਦਾ ਭੇਜ ਸਕਦੀ ਹੈ ਅਤੇ ਉਹਨਾਂ ਨੂੰ ਇਸ ਵਿੱਚ ਸ਼ਾਮਲ ਕਰ ਸਕਦੀ ਹੈ।
5. ਕਨਵੀਨਰ ਹੋਰ ਵਿਭਾ.ਗ ਦੀ ਸ਼ਮੂਲੀਅਤ ਨੂੰ ਯਕੀਨੀ ਬਨਾਉਣ ਲਈ ਆਫ਼ੀਸ਼ੀਅਲ ਆਰਡਰ ਲੈਣ ਲਈ ਸਹੀ ਰਸਤੇ ਰਾਹੀਂ ਉਸ ਨੂੰ ਸੰਪਰਕ ਕਰੇਗਾ।
6. ਇਹ ਕਮੇਟੀ ਪੁਲਿਸ ਸੇਵਾਵਾਂ ਨੂੰ ਰਣਨੀਤਿਕ ਦਿਸ਼ਾ ਪ੍ਰਦਾਨ ਕਰਨ ਲਈ ਬਣਾਈ ਗਈ ਹੈ।

<u>ਭੂਮਿਕਾ ਅਤੇ ਕਾਰਜ:</u>

- ਨਿਯਮਤ ਮੀਟਿੰਗ ਵਿੱਚ ਨਵੇਂ ਪ੍ਰੋਗਰਾਮ ਦੇ ਵਿਕਾਸ ਅਤੇ ਚੱਲ ਰਹੇ ਪ੍ਰੋਗਰਾਮ ਦੀ ਸਮੀਖ਼ਿਆ ਕਰਨ ਲਈ CAD ਦੇ ਸਹਿਯੋਗ ਨਾਲ ਕੰਮ ਕਰਨਾ।
- ਇਹ ਕਮੇਟੀ ਨਵੇਂ ਕੰਮਿਉਨਿਟੀ ਪੁਲਿਸਿੰਗ ਪ੍ਰੋਗਰਾਮ ਨੂੰ ਸ਼ੁਰੂ ਕਰਨ ਲਈ ਸੁਝਾਅ ਦੇ ਸਕਦੀ ਹੈ।
- ਸਮੀਖ਼ਿਆ ਤਿਆਰ ਕਰਨਾ ਅਤੇ ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ ਦੀ ਕਮੇਟੀ ਦੀ ਮਿਆਦੀ ਰਿਟਰਨ ਤਿਆਰ ਕਰਨਾ ਵੀ ਇਸ ਕਮੇਟੀ ਦੇ ਕੰਮਾਂ ਵਿੱਚ ਸ਼ਾਮਲ ਹੈ।
- ਪੁਲਿਸ ਦੇ ਵੱਖ਼-ਵੱਖ਼ ਮੁੱਦਿਆਂ ਤੇ ਖ਼ੋਜ ਦੀ ਯੋਜਨਾ ਤਿਆਰ ਕਰਨਾ ਅਤੇ ਇਸ ਲਈ CAD ਨੂੰ ਸਿਫ਼ਾਰਿਸ਼ ਕਰਨਾ।
- ਜ਼ਿਲ੍ਹੇ, ਸਬ-ਡਵੀਜ਼ਨ ਅਤੇ ਥਾਣਾ ਪੱਧਰ ਦੇ ਸੈਂਟਰਾਂ ਦੇ ਕੰਮਾਂ ਦਾ ਜਾਇਜ਼ਾ ਲੈਣਾ।

<u>ਗ਼ੈਰ-ਸਰਕਾਰੀ ਮੈਬਰਾਂ ਦੀ ਚੋਣ:</u>

- ਰਾਜ ਪੱਧਰ ਤੇ ਪਿਛਲੇ 15 ਸਾਲਾਂ ਤੋਂ ਵੱਧ ਸਮੇਂ ਤੋਂ ਕੰਮ ਕਰ ਰਹੀਆਂ ਐੱਨ.ਜੀ.ਓ. ਦੇ ਮੈਂਬਰਾਂ ਨੂੰ ਇਸ ਕਮੇਟੀ ਦੇ ਮੈਂਬਰ ਵੱਜੋਂ ਚੁਣਿਆ ਜਾ ਸਕਦਾ ਹੈ। ਅਜਿਹੀਆਂ ਐੇਂਨ.ਜੀ.ਓ. ਦਾ ਕੋਈ ਰਾਜਨਤਿਕ ਸੰਬੰਧ ਜਾਂ ਗਠਜੋੜ ਨਹੀਂ ਹੋਣਾ ਚਾਹੀਦਾ।

- ਆਪਣੇ-ਆਪਣੇ ਖ਼ੇਤਰ ਵਿੱਚ ਦਸ ਸਾਲ ਤੋਂ ਵੱਧ ਤਜ਼ੁਰਬੇਕਾਰ ਅਕਾਦਮੀਸ਼ੀਅਨਜ਼ ਨੂੰ ਵੀ ਮੈਂਬਰ ਵੱਜੋਂ ਚੁਣਿਆ ਜਾ ਸਕਦਾ ਹੈ।

## ਜ਼ਿਲ੍ਹਾ ਪੱਧਰੀ ਕਮੇਟੀ ਦੀ ਭੂਮਿਕਾ ਅਤੇ ਕਾਰਜ:

ਜ਼ਿਲ੍ਹਾ ਪੱਧਰੀ ਕਮੇਟੀ ਜ਼ਿਲ੍ਹਾ, ਸਬ-ਡਵੀਜ਼ਨ ਅਤੇ ਥਾਣਾ ਪੱਧਰ ਦੇ ਸਾਂਝ ਕੇਂਦਰਾਂ ਦੇ ਕੰਮਾਂ ਦੀ ਨਿਗਰਾਨੀ ਕਰਨ ਲਈ ਬਣਾਈ ਗਈ ਹੈ। ਇਹ ਕਮੇਟੀ ਜ਼ਿਲ੍ਹਾ, ਸਬ-ਡਵੀਜ਼ਨ ਅਤੇ ਥਾਣਾ ਪੱਧਰ ਤੇ ਸਾਂਝ ਕੇਂਦਰਾਂ ਦੀ ਉਸਾਰੀ, ਨੀਤੀਆਂ ਬਨਾਉਣ ਅਤੇ ਨਿਯਮਤ ਅੰਤਰਾਲ ਤੇ ਇਹਨਾਂ ਦੁਆਰਾ ਕੀਤੇ ਗਏ ਕੰਮਾਂ ਦੀ ਸਮੀਖ਼ਿਆ ਕਰਦੀ ਹੈ।

| ਜ਼ਿਲ੍ਹਾ ਪੱਧਰੀ ਕਮੇਟੀ ਦੇ ਮੈਂਬਰ | |
|---|---|
| **ਸਰਕਾਰੀ (ਆਫ਼ੀਸ਼ੀਅਲ) ਮੈਂਬਰ** | **ਗ਼ੈਰ-ਸਰਕਾਰੀ (ਨਾਨ-ਆਫ਼ੀਸ਼ੀਅਲ) ਮੈਂਬਰ** |
| • ਜ਼ਿਲ੍ਹਾ ਪੱਧਰੀ ਕਮੇਟੀ ਦੇ ਸਰਕਾਰੀ ਮੈਂਬਰਾਂ ਦੀ ਸੰਖ਼ਿਆਂ 7 ਹੋਵੇਗੀ।<br>• ਐੱਸ.ਐੱਸ.ਪੀ. ਜਾਂ ਪੁਲਿਸ ਕਮਿਸ਼ਨਰ ਇਸ ਕਮੇਟੀ ਦਾ ਚੇਅਰਪਰਸਨ ਹੋਵੇਗਾ।<br>• ਐੱਸ.ਪੀ./ਡੀ.ਐੱਸ.ਪੀ.* ਕੰਮਿਉਨਿਟੀ ਪੁਲਿਸਿੰਗ (ਨੋਡਲ ਅਫ਼ਸਰ) ਡਿਸਟ੍ਰਿਕਟ ਕੰਮਿਉਨਿਟੀ ਪੁਲਿਸਿੰਗ ਅਫਸਰ (ਡੀ.ਸੀ.ਪੀ.ਓ. DCPO) ਇਸ ਕਮੇਟੀ ਦੇ ਕਨਵੀਨਰ ਦੇ ਰੂਪ ਵਿੱਚ ਕੰਮ ਕਰੇਗਾ।<br>• ਇਨਚਾਰਜ ਜ਼ਿਲ੍ਹਾ ਸਾਂਝ ਕੇਂਦਰ<br>• ਜ਼ਿਲ੍ਹਾ ਸਿਹਤ ਵਿਭਾਗ ਦਾ ਅਧਿਕਾਰੀ/ ਸਿਵਲ ਸਰਜਨ।<br>• ਜ਼ਿਲ੍ਹਾ ਸਿੱਖ਼ਿਆ ਅਧਿਕਾਰੀ।<br>• ਜ਼ਿਲ੍ਹਾ ਪ੍ਰੋਗਰਾਮ ਅਫ਼ਸਰ (ਸਮਾਜਿਕ ਸੁਰੱਖ਼ਿਆ, ਔਰਤਾਂ ਅਤੇ ਬੱਚਿਆਂ ਦੇ ਵਿਕਾਸ ਵਿਭਾਗ)<br>• ਜ਼ਿਲ੍ਹਾ ਭਲਾਈ ਅਫ਼ਸਰ (ਐੱਸ.ਸੀ. ਅਤੇ ਬੀ.ਸੀ. ਭਲਾਈ ਵਿਭਾਗ)<br>• ਜ਼ਿਲ੍ਹਾ ਰੈੱਡ ਕਰਾਸ ਅਧਿਕਾਰੀ | • ਇਸ ਕਮੇਟੀ ਵਿੱਚ 12 ਗ਼ੈਰ-ਸਰਕਾਰੀ ਮੈਂਬਰ ਹੋਣਗੇ ਜਿਹਨਾਂ ਵਿੱਚੋਂ 4 ਮਹਿਲਾ ਮੈਂਬਰ ਹੋਣਗੇ।<br>• ਕੌਮੀ ਅਤੇ ਰਾਜ ਪੱਧਰ ਤੇ ਪੁਰਸਕਾਰ ਪ੍ਰਾਪਤ ਸਮਾਜ ਸੇਵਕ<br>• ਅਕਾਦਮਿਕ ਵਿਦਵਾਨ<br>• ਕਾਲਜਾਂ ਦੇ ਪ੍ਰਿੰਸੀਪਲ<br>• ਵਕੀਲ<br>• ਮਨੁੱਖੀ ਅਧਿਕਾਰ ਐਕਟੀਵਿਸਟ<br>• ਡਿਜ਼ਾਸਟਰ ਮੈਨੇਜਮੈਂਟ ਪ੍ਰੋਫ਼ੈਸ਼ਨਲ<br>• ਸਾਈਬਰ ਅਤੇ ਵੈੱਬ ਐਕਸਪਰਟ<br>• ਮੀਡੀਆ ਦੇ ਵਿਅਕਤੀ<br>• **ਕਾਰਜਕਾਲ:** ਇਹ ਮੈਂਬਰ ਘੱਟ ਤੋਂ ਘੱਟ 2 ਸਾਲ ਦੇ ਕਾਰਜਕਾਲ ਲਈ ਚੁਣੇ ਜਾਂਦੇ ਹਨ।<br>• ਵਧੀਆ ਕੰਮ ਕਰਨ ਵਾਲੇ ਮੈਂਬਰ ਦਾ ਕਾਰਜਕਾਲ ਗ਼ੈਰ-ਸਰਕਾਰੀ ਮੈਂਬਰਾਂ ਦੀ ਸਹਿਮਤੀ ਅਤੇ ਜ਼ਿਲ੍ਹਾ ਐੱਸ.ਐੱਸ.ਪੀ. ਦੀ ਪ੍ਰਵਾਨਗੀ ਨਾਲ ਵਧਾਇਆ ਵੀ ਜਾ ਸਕਦਾ ਹੈ। |

*ਛੋਟੇ ਜਿਲਿਆਂ ਵਿੱਚ ਡੀ.ਐੱਸ.ਪੀ. ਬਤੌਰ ਡੀ.ਸੀ.ਪੀ.ਓ. (DCPO) ਨਿਯੁਕਤ ਹਨ।

## ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ:

- ਕਮੇਟੀ ਦੇ ਕੰਮਾਂ ਦੀ ਸਮੀਖ਼ਿਆ ਅਤੇ ਆਡਿਟ ਸੰਬੰਧੀ ਮੀਟਿੰਗ ਡੀ.ਸੀ.ਪੀ. ਓ. ਦੀ ਪ੍ਰਧਾਨਗੀ ਹੇਠ ਹੋਵੇਗੀ। ਇਸ ਤਰ੍ਹਾਂ ਦੀ ਮੀਟਿੰਗ ਤਿਮਾਹੀ ਕਰਵਾਉਣੀ ਜ਼ਰੂਰੀ ਹੋਵੇਗੀ।
- ਜ਼ਿਲ੍ਹਾ ਸਾਂਝ ਕੇਂਦਰ ਦਾ ਇੰਚਾਰਜ ਇਸ ਮੀਟਿੰਗ ਲਈ ਕਨਵੀਨਰ ਅਤੇ ਕੋ-ਕਨਵੀਨਰ ਦੀ ਸਲਾਹ ਨਾਲ ਮਿਤੀ ਅਤੇ ਸਮਾਂ ਨਿਰਧਾਰਿਤ ਕਰਨ ਲਈ ਜ਼ਿੰਮੇਵਾਰ ਹੋਵੇਗਾ।
- ਕੋਰਮ: ਕਮੇਟੀ ਦੀ ਮੀਟਿੰਗ ਲਈ ਘੱਟ ਤੋਂ ਘੱਟ 70% ਗ਼ੈਰ-ਸਰਕਾਰੀ ਮੈਂਬਰਜ਼ ਦਾ ਸ਼ਾਮਲ ਹੋਣਾ ਜ਼ਰੂਰੀ ਹੈ। ਅਜਿਹਾ ਨਾ ਹੋਣ ਤੇ ਮੀਟਿੰਗ ਫਿਰ ਬੁਲਾਈ ਜਾਵੇਗੀ।
- ਇਹਨਾਂ ਮੀਟਿੰਗਾਂ ਦੀ ਕਾਰਵਾਈ ਅਤੇ ਲਏ ਗਏ ਫੈਸਲਿਆਂ ਦਾ ਵੇਰਵਾ ਕਨਵੀਨਰ, ਕੋ-ਕਨਵੀਨਰ ਅਤੇ ਮੌਜੂਦ ਮੈਂਬਰਾਂ ਦੇ ਦਸਤਖ਼ਤ ਸਮੇਤ ਰੱਖੇਗਾ ਅਤੇ ਉਸ ਨੂ ਜ਼ਿਲ੍ਹਾ SSP, CAD, ਜ਼ੋਨਲ ਪੱਧਰੀ CPMEU ਅਤੇ ਰੇਂਜ ਪੱਧਰ ਤੇ CPMU ਨੂੰ ਜਾਣਕਾਰੀ ਲਈ ਭੇਜੇਗਾ।
- ਸੰਕਟਕਾਲੀਨ ਸਥਿਤੀ ਵਿੱਚ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਕਦੇ ਵੀ ਬੁਲਾਈ ਜਾ ਸਕਦੀ ਹੈ। ਇਹ ਮੀਟਿੰਗ ਡੀ.ਸੀ.ਪੀ. ਓ. ਦੀ ਪ੍ਰਧਾਨਗੀ ਹੇਠ ਹੋਵੇਗੀ।

## ਸਬ-ਡਵੀਜ਼ਨ ਸਾਂਝ ਕਮੇਟੀ ਦੀ ਭੂਮਿਕਾ ਅਤੇ ਕਾਰਜ:

ਸਾਂਝ ਪ੍ਰੋਗਰਾਮ ਦੇ ਅਧੀਨ ਜ਼ਿਲ੍ਹਾ ਪੱਧਰ ਤੋਂ ਹੇਠਾਂ ਸਬ-ਡਵੀਜ਼ਨ ਪੱਧਰ ਦੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਜਿਸ ਦੀ ਰਚਨਾ ਅਤੇ ਕਾਰਜ ਹੇਠ ਲਿਖੇ ਅਨੁਸਾਰ ਹਨ:

| ਸਬ-ਡਵੀਜ਼ਨ ਸਾਂਝ ਕਮੇਟੀ ਦੇ ਮੈਂਬਰ | |
|---|---|
| **ਸਰਕਾਰੀ (ਆਫ਼ੀਸ਼ੀਅਲ) ਮੈਂਬਰ** | **ਗ਼ੈਰ-ਸਰਕਾਰੀ (ਨਾਨ-ਆਫ਼ੀਸ਼ੀਅਲ) ਮੈਂਬਰ** |
| • ਸਬ-ਡਵੀਜ਼ਨ ਪੱਧਰ ਤੇ ਸਾਂਝ ਕਮੇਟੀ ਦੇ ਸਰਕਾਰੀ ਮੈਂਬਰਾਂ ਦੀ ਗਿਣਤੀ 6 ਹੋਵੇਗੀ।<br>• ਡੀ.ਐੱਸ.ਪੀ. ਸਬ-ਡਵੀਜ਼ਨ (ਹਲਕਾ ਗਜ਼ਟਿਡ ਅਫ਼ਸਰ) ਇਸ ਕਮੇਟੀ ਦਾ ਚੇਅਰਪਰਸਨ ਅਤੇ ਕਨਵੀਨਰ ਹੋਵੇਗਾ।<br>• ਸਬ-ਡਵੀਜ਼ਨ ਸਾਂਝ ਕੇਂਦਰ ਦਾ ਇੰਚਾਰਜ<br>• ਸਬ-ਡਵੀਜ਼ਨਲ ਮੈਜਿਸਟ੍ਰੇਟ<br>• ਸੀਨੀਅਰ ਮੈਡੀਕਲ ਅਫਸਰ (ਐੱਸ.ਐਮ.ਓ.)<br>• ਚਾਈਲਡ ਡਵਲਪਮੈਂਟ ਪ੍ਰੋਜੈਕਟ ਅਫਸਰ (ਸੀ.ਡੀ.ਪੀ.ਓ.)<br>• ਬਲਾੱਕ ਡੈਵਲਮੈਂਟ ਅਤੇ ਪੰਚਾਇਤ ਅਫਸਰ (ਬੀ.ਡੀ.ਪੀ.ਓ.) | • ਗ਼ੈਰ-ਸਰਕਾਰੀ ਮੈਂਬਰ ਗਿਣਤੀ ਵਿੱਚ 12 ਹੋਣਗੇ, ਜਿਹਨਾਂ ਵਿੱਚੋਂ 4 ਔਰਤਾਂ ਹੋਣਗੀਆਂ।<br>• ਸਮਾਜ ਸੇਵਕ<br>• ਸਕੂਲ ਅਤੇ ਕਾਲਜ ਦੇ ਪ੍ਰਿੰਸੀਪਲ<br>• ਵਕੀਲ<br>• ਕੰਮਿਉਨਿਟੀ ਦੇ ਨੁਮਾਇੰਦੇ<br>• ਕਾਰੋਬਾਰੀ ਸੰਗਠਨਾਂ ਦੇ ਪ੍ਰਧਾਨ<br>• ਯੂਥ ਕਲੱਬ ਦੇ ਮੈਂਬਰ<br>• ਨਹਿਰੂ ਨੌਜਵਾਨ ਕੇਂਦਰ ਸੰਗਠਨ ਦੇ ਮੈਂਬਰ (N.Y.K.S.)<br>• **ਕਾਰਜਕਾਲ:** ਗ਼ੈਰ -ਸਰਕਾਰੀ ਮੈਂਬਰਾਂ ਦਾ ਕਾਰਜਕਾਲ 2 ਸਾਲ ਹੋਵੇਗਾ। ਵਧੀਆ ਕੰਮ ਕਰਨ ਵਾਲੇ ਮੈਂਬਰ ਦਾ ਕਾਰਜਕਾਲ ਗ਼ੈਰ-ਸਰਕਾਰੀ ਮੈਂਬਰਾਂ ਦੀ ਸਹਿਮਤੀ ਅਤੇ DSP/ ACP ਦੀ ਪ੍ਰਵਾਨਗੀ ਨਾਲ ਵਧਾਇਆ ਵੀ ਜਾ ਸਕਦਾ ਹੈ। |

**ਸਬ-ਡਵੀਜ਼ਨ ਪੱਧਰ ਕਮੇਟੀ ਦੀ ਮੀਟਿੰਗ:**

- ਸਬ-ਡਵੀਜ਼ਨ ਪੱਧਰ ਤੇ ਕਮੇਟੀ ਦੇ ਕੰਮਾਂ ਦੀ ਸਮੀਖ਼ਿਆ ਕਰਨ ਅਤੇ ਆਡਿਟ ਸੰਬੰਧੀ ਕੰਮਾਂ ਲਈ DSP/ ACP ਸਬ-ਡਵੀਜ਼ਨ ਦੀ ਪ੍ਰਧਾਨਗੀ ਹੇਠ ਹੋਵੇਗੀ।
- ਇਸ ਤਰ੍ਹਾਂ ਦੀ ਮੀਟਿੰਗ ਦਾ ਤਿਮਾਹੀ ਕਰਵਾਉਣਾ ਜ਼ਰੂਰੀ ਹੋਵੇਗਾ।
- ਸਬ-ਡਵੀਜ਼ਨ ਸਾਂਝ ਕੇਂਦਰ ਦਾ ਇੰਚਾਰਜ ਇਸ ਮੀਟਿੰਗ ਲਈ ਕਨਵੀਨਰ ਅਤੇ ਕੋ-ਕਨਵੀਨਰ ਦੀ ਸਲਾਹ ਨਾਲ ਮਿਤੀ ਅਤੇ ਸਮਾਂ ਨਿਰਧਾਰਿਤ ਕਰੇਗਾ।
- ਕੋਰਮ:- ਕਮੇਟੀ ਦੀ ਮੀਟਿੰਗ ਲਈ ਘੱਟ ਤੋਂ ਘੱਟ 70% ਗ਼ੈਰ -ਸਰਕਾਰੀ ਮੈਂਬਰਾਂ ਦਾ ਹਾਜ਼ਰ ਹਣਾ ਜ਼ਰੂਰੀ ਹੋਵੇਗਾ। ਅਜਿਹਾ ਨਾ ਹੋਣ ਤੇ ਮੀਟਿੰਗ ਫਿਰ ਬੁਲਾਈ ਜਾਵੇਗੀ।
- ਇਹਨਾਂ ਮੀਟਿੰਗਾਂ ਦੀ ਕਾਰਵਾਈ ਅਤੇ ਲਏ ਗਏ ਫੈਸਲਿਆਂ ਦਾ ਵੇਰਵਾ ਕਨਵੀਨਰ, ਕੋ-ਕਨਵੀਨਰ ਅਤੇ ਮੌਜੂਦ ਮੈਂਬਰਾਂ ਦੇ ਦਸਤਖ਼ਤ ਸਮੇਤ ਰੱਖ਼ਗਾ ਅਤੇ ਉਸ ਦੀ ਇੱਕ ਨਕਲ, ਜ਼ਿਲ੍ਹਾ ਐੱਸ.ਐੱਸ.ਪੀ., ਐੱਸ.ਪੀ./ਡੀ.ਐੱਸ.ਪੀ.,ਡੀ.ਸੀ.ਪੀ.ਓ. ਅਤੇ ਜ਼ਿਲ੍ਹਾ ਸਾਂਝ ਕੇਂਦਰ ਦੇ ਇੰਚਾਰਜ ਨੂੰ ਭੇਜੇਗਾ।
- ਸੰਕਟਕਾਲੀਨ ਸਥਿਤੀ ਵਿੱਚ ਸਬ-ਡਵੀਜ਼ਨ ਕਮੇਟੀ ਦੀ ਮੀਟਿੰਗ ਕਦੇ ਵੀ ਬੁਲਾਈ ਜਾ ਸਕਦੀ ਹੈ। ਇਸ ਦੀ ਪ੍ਰਧਾਨਗੀ ਡੀ.ਐੱਸ.ਪੀ./ ਏ.ਸੀ.ਪੀ. ਸਬ-ਡਵੀਜ਼ਨ ਕਰੇਗਾ।

## ਥਾਣਾ ਪੱਧਰੀ ਕਮੇਟੀ ਦੀ ਭੂਮਿਕਾ ਅਤੇ ਕਾਰਜ:

ਸਬ-ਡਵੀਜ਼ਨ ਪੱਧਰੀ ਕਮੇਟੀ ਤੋਂ ਹੇਠਾਂ ਥਾਣਾ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਦੀ ਬਣਤਰ ਅਤੇ ਕਾਰਜ ਹੇਠ ਲਿਖ਼ ਅਨੁਸਾਰ ਹਨ:

| **ਥਾਣਾ ਸਾਂਝ ਕਮੇਟੀ ਦੇ ਮੈਂਬਰ** | |
|---|---|
| **ਆਫ਼ੀਸ਼ੀਅਲ ਮੈਂਬਰ** | **ਨਾਨ- ਆਫ਼ੀਸ਼ੀਅਲ ਮੈਂਬਰ** |
| • ਥਾਣਾ ਪੱਧਰੀ ਸਾਂਝ ਕਮੇਟੀ ਦੇ ਸਰਕਾਰੀ ਮੈਂਬਰਾਂ ਦੀ ਗਿਣਤੀ 5 ਹੋਵੇਗੀ।<br>• ਐੱਸ.ਐੱਚ.ਓ. ਇਸ ਕਮੇਟੀ ਦਾ ਚੇਅਰਪਰਸਨ-ਕਮ-ਕਨਵੀਨਰ ਹੋਵੇਗਾ।<br>• ਇੰਚਾਰਜ ਥਾਣਾ ਸਾਂਝ ਕੇਂਦਰ<br>• ਕੰਮਿਓਨਿਟੀ ਹੈਲਥ ਕੇਅਰ ਸੈਂਟਰ ਦਾ ਮੈਡੀਕਲ ਅਧਿਕਾਰੀ।<br>• ਆਂਗਣਵਾੜੀ ਦਾ ਸਰਕਲ ਸੁਪਰਵਾਈਜ਼ਰ।<br>• ਸਕੂਲ ਅਤੇ ਕਾਲਜ ਦੇ ਪ੍ਰਿੰਸੀਪਲ। | • ਇਸ ਕਮੇਟੀ ਦੇ ਗ਼ਰ-ਸਰਕਾਰੀ ਮੈਂਬਰਾਂ ਦੀ ਗਿਣਤੀ 10 ਹੋਵੇਗੀ।<br>• ਸਮਾਜ ਸੇਵਕ।<br>• ਵਕੀਲ।<br>• ਕੰਮਿਓਨਿਟੀ ਦੇ ਨੁਮਾਇੰਦੇ।<br>• ਵਪਾਰਕ ਸੰਗਠਨਾਂ ਦੇ ਪ੍ਰਧਾਨ।<br>• ਯੂਥ ਕਲੱਬ ਦੇ ਪ੍ਰਧਾਨ।<br>• ਨਹਿਰੂ ਯੁਵਾ ਕੇਂਦਰ ਸੰਗਠਨ ਦੇ ਮੈਂਬਰ (N.Y.K.S.)<br>• **ਕਾਰਜਕਾਲ:** ਗ਼ੈਰ -ਸਰਕਾਰੀ ਮੈਂਬਰਾਂ ਦਾ ਕਾਰਜਕਾਲ 2 ਸਾਲ ਹੋਵੇਗਾ।<br>• ਵਧੀਆ ਕੰਮ ਕਰਨ ਵਾਲੇ ਮੈਂਬਰ ਦਾ ਕਾਰਜਕਾਲ ਗ਼ੈਰ -ਸਰਕਾਰੀ ਮੈਂਬਰਾਂ ਦੀ ਸਹਿਮਤੀ ਨਾਲ ਅਤੇ ਥਾਣਾ ਪੱਧਰ ਤੇ ਐੱਸ.ਐੱਚ.ਓ. ਦੀ ਸਹਿਮਤੀ ਨਾਲ ਵਧਾਇਆ ਵੀ ਜਾ ਸਕਦਾ ਹੈ। |

**ਥਾਣਾ ਪੱਧਰੀ ਕਮੇਟੀ ਦੀ ਮੀਟਿੰਗ:**

- ਇਹ ਮੀਟਿੰਗ ਕਮੇਟੀ ਦੇ ਕੰਮਾਂ ਦੀ ਸਮੀਖ਼ਿਆ ਕਰਨ ਅਤੇ ਆਡਿਟ ਸੰਬੰਧੀ ਕੰਮਾਂ ਲਈ SHO ਦੀ ਪ੍ਰਧਾਨਗੀ ਹੇਠ ਹੋਵੇਗੀ।
- ਇਸ ਤਰ੍ਹਾਂ ਦੀ ਮੀਟਿੰਗ ਤਿਮਾਹੀ ਕਰਵਾਉਣਾ ਜ਼ਰੂਰੀ ਹੋਵੇਗਾ।
- ਥਾਣਾ ਸਾਂਝ ਕੇਂਦਰ ਦਾ ਇੰਚਾਰਜ ਇਸ ਮੀਟਿੰਗ ਲਈ ਕਨਵੀਨਰ ਅਤੇ ਕੋ-ਕਨਵੀਨਰ ਦੀ ਸਲਾਹ ਨਾਲ ਮਿਤੀ ਅਤੇ ਸਮਾਂ ਨਿਰਧਾਰਿਤ ਕਰੇਗਾ।
- ਕੋਰਮ: ਕਮੇਟੀ ਦੀ ਮੀਟਿੰਗ ਲਈ ਘੱਟ ਤੋਂ ਘੱਟ 70% ਗ਼ੈਰ -ਸਰਕਾਰੀ ਮੈਂਬਰਾਂ ਦਾ ਹਾਜ਼ਰ ਹੋਣਾ ਜ਼ਰੂਰੀ ਹੋਵੇਗਾ। ਅਜਿਹਾ ਨਾ ਹੋਣ ਤੇ ਮੀਟਿੰਗ ਫਿਰ ਬੁਲਾਈ ਜਾਵੇਗੀ।
- ਇਹਨਾਂ ਮੀਟਿੰਗਾਂ ਦੀ ਕਾਰਵਾਈ ਅਤੇ ਲਏ ਗਏ ਫੈਸਲਿਆਂ ਦਾ ਵੇਰਵਾ ਕਨਵੀਨਰ, ਕੋ-ਕਨਵੀਨਰ ਅਤੇ ਮੌਜੂਦ ਮੈਂਬਰਾਂ ਦੇ ਦਸਤਖ਼ਤ ਸਮੇਤ ਰੱਖੇਗਾ ਅਤੇ ਉਸ ਦੀ ਇੱਕ ਨਕਲ, ਸਬ ਡਵੀਜ਼ਨ ਸਾਂਝ ਕੇਂਦਰ ਦੇ ਇੰਚਾਰਜ ਨੂੰ ਭੇਜੇਗਾ।
- ਸੰਕਟਕਾਲੀਨ ਸਥਿਤੀ ਵਿੱਚ ਥਾਣਾ ਕਮੇਟੀ ਦੀ ਮੀਟਿੰਗ ਕਦੇ ਵੀ ਬੁਲਾਈ ਜਾ ਸਕਦੀ ਹੈ। ਇਹ ਮੀਟਿੰਗ ਐੱਸ.ਐੱਚ.ਓ. ਦੀ ਪ੍ਰਧਾਨਗੀ ਹੇਠ ਹੋਵੇਗੀ।

# <u>ਭਾਗ–5</u>

# <u>ਐਡਵਾਈਜ਼ਰੀ ਬੋਰਡ</u>

ਸਾਂਝ ਕੇਂਦਰ ਐਡਵਾਈਜ਼ਰੀ ਬੋਰਡ ਗ਼ੈਰ–ਸਿਆਸੀ ਅਤੇ ਗ਼ੈਰ–ਅਪਰਾਧਿਕ ਪਿਛੋਕੜ ਵਾਲੇ ਆਮ ਨਾਗਰਿਕਾਂ ਦਾ ਗਠਜੜ ਹੈ। ਜ਼ਿਲ੍ਹਾ ਪੱਧਰ ਤੇ ਐਡਵਾਈਜ਼ਰੀ ਬੋਰਡ ਜ਼ਿਲ੍ਹੇ ਦੇ ਪੁਲਿਸ ਕਮਿਸ਼ਨਰ/ ਐੱਸ.ਐੱਸ.ਪੀ. ਦੀ ਐਕਸ– ਆਫੀਸ਼ਿਓ (ex-officio) ਪ੍ਰਧਾਨਗੀ ਹੇਠ ਕੰਮ ਕਰੇਗਾ। ਇਸੇ ਤਰ੍ਹਾਂ ਸਬ–ਡਵੀਜ਼ਨ ਪੱਧਰ ਤੇ ਸਾਂਝ ਕੇਂਦਰ ਐਡਵਾਈਜ਼ਰੀ ਬੋਰਡ ACP/DSP ਦੀ ਐਕਸ–ਅਫੀਸ਼ਿਓ (ex-officio) ਅਗਵਾਈ ਹੇਠ ਅਤੇ ਥਾਣਾ ਪੱਧਰ ਤੇ ਇਹ ਬੋਰਡ ਐੱਸ.ਐੱਚ.ਓ. ਸਟੇਸ਼ਨ ਹਾਊਸ ਆਫੀਸਰ ਦੀ ਐਕਸ– ਆਫੀਸ਼ਿਓ (ex-officio) ਪ੍ਰਧਾਨਗੀ ਹੇਠ ਕੰਮ ਕਰੇਗਾ।

ਐਡਵਾਈਜ਼ਰੀ ਬੋਰਡ ਪੁਲਿਸ ਅਤੇ ਕੰਮਿਉਨਿਟੀ ਦੇ ਵਿੱਚ ਤਾਲਮੇਲ ਸਥਾਪਿਤ ਕਰਨ ਅਤੇ ਨੇੜਤਾ ਲਿਆਉਣ ਲਈ ਬਣਾਏ ਗਏ ਹਨ।

## <u>ਐਡਵਾਈਜ਼ਰੀ ਬੋਰਡ ਦੇ ਮੈਂਬਰ</u>:

ਐਡਵਾਈਜ਼ਰੀ ਬੋਰਡ ਦੇ ਮੈਬਰਾਂ ਦੀ ਸੰਖਿਆਂ ਜ਼ਿਲ੍ਹਾ ਅਤੇ ਸਬ–ਡਵੀਜ਼ਨ ਪੱਧਰ ਤੇ 120 ਹੋਵੇਗੀ ਜਦਕਿ ਥਾਣਾ ਪੱਧਰ ਤੇ ਇਹਨਾਂ ਦੀ ਗਿਣਤੀ 100 ਹੋਵੇਗੀ। ਹਰ ਪੱਧਰ ਦੀ ਸਾਂਝ ਕਮੇਟੀ ਦੇ ਗ਼ੈਰ –ਸਰਕਾਰੀ ਮੈਂਬਰ ਵੀ ਇਸ ਬੋਰਡ ਦਾ ਹਿੱਸਾ ਹੋਣਗੇ। ਇਹਨਾਂ ਮੈਂਬਰਾਂ ਦੀ ਚੋਣ ਹਰ ਪੱਧਰ ਤੇ ਸਾਂਝ ਕਮੇਟੀ ਦੇ ਗ਼ੈਰ –ਸਰਕਾਰੀ ਮੈਂਬਰਾਂ ਦੁਆਰਾ ਕੀਤੀ ਜਾਵੇਗੀ। ਹਰ ਪੱਧਰ ਤੇ ਹਰੇਕ ਗ਼ੈਰ –ਸਰਕਾਰੀ ਮੈਂਬਰ ਆਪਣੇ ਸਮੇਤ 10 ਮੈਂਬਰ ਚੁਣੇਗਾ। ਹਰ ਪੱਧਰ ਤੇ ਐਡਵਾਈਜ਼ਰੀ ਬੋਰਡ ਦਾ ਚੇਅਰਪਰਸਨ ਕਮੇਟੀ ਦੇ ਗ਼ੈਰ –ਸਰਕਾਰੀ ਮੈਂਬਰਾਂ ਨੂੰ ਜਨਤਾ ਵਿੱਚੋਂ ਮੈਂਬਰਾਂ ਨੂੰ ਨਾਮਜ਼ਦ ਕਰਨ ਦੀ ਹਦਾਇਤਾਂ ਦੇਵੇਗਾ। ਹਰ ਪੱਧਰ ਤੇ ਸਾਂਝ ਕੇਂਦਰ ਦਾ ਇੰਚਾਰਜ ਐਡਵਾਈਜ਼ਰੀ ਬੋਰਡ ਦੇ ਮੈਂਬਰਾਂ ਦੀ ਸਮੇਂ–ਸਮੇਂ ਤਬਦੀਲ ਸੂਚੀ ਦਾ ਸੰਗਠਨ ਕਰਨ ਲਈ ਜ਼ਿੰਮਵਾਰ ਹੈ।

**<u>ਕਾਰਜਕਾਲ</u>:** ਐਡਵਾਈਜ਼ਰੀ ਬੋਰਡ ਦਾ ਕਾਰਜਕਾਲ 2 ਸਾਲ ਹੋਵੇਗਾ।

## <u>ਐਡਵਾਈਜ਼ਰੀ ਬੋਰਡ ਦੀਆਂ ਮੀਟਿੰਗਾਂ</u>:

ਹਰ ਪੱਧਰ ਤੇ ਐਡਵਾਈਜ਼ਰੀ ਬੋਰਡ ਦੇ ਮੈਂਬਰ, ਭਾਈਚਾਰੇ ਨਾਲ ਸਬੰਧਤ ਮੁੱਦਿਆਂ ਅਤੇ ਸਮੱਸਿਆਵਾਂ ਜੋ ਕਿ ਆਮ ਤੌਰ ਤੇ ਪੁਲਿਸ ਅਤੇ ਖ਼ਾਸ ਤੌਰ ਤੇ ਕਾਨੂੰਨ ਅਤੇ ਵਿਵਸਥਾ ਨਾਲ ਸਬੰਧਤ ਹਨ ਦੇ ਵਿਸ਼ਿਆਂ ਤੇ ਮੀਟਿੰਗਾਂ ਕਰਵਾਉਂਦੇ ਹਨ। ਇਹਨਾਂ ਮੀਟਿੰਗਾਂ ਵਿੱਚ ਜਨਤਾ

ਨਾਲ ਸਬੰਧਤ ਮੁੱਦੇ ਅਤੇ ਸਮੱਸਿਆਵਾਂ ਨੂੰ ਮੈਂਬਰਾਂ ਦੇ ਨਾਲ ਸਲਾਹ ਕਰਕੇ ਪਛਾਣਿਆ ਜਾਵੇਗਾ। ਅਜਿਹੀਆਂ ਮੀਟਿੰਗਾਂ ਹਰ ਮਹੀਨੇ ਦੇ ਪਹਿਲੇ ਹਫਤੇ ਵਿੱਚ ਕਰਵਾਈਆਂ ਜਾਣਗੀਆਂ ਜਿਹਨਾਂ ਵਿੱਚ ਜਨਤਾ ਅਤੇ ਪੁਲਿਸ ਦੇ ਸੰਬੰਧਾਂ ਅਤੇ ਕਾਨੂੰਨ ਅਤੇ ਵਿਵਸਥਾ ਤੇ ਵਿਚਾਰ ਕੀਤਾ ਜਾਵੇਗਾ।

**ਜਿਲਾ ਐਡਵਾਈਜ਼ਰੀ ਬੋਰਡ ਦੀਆਂ ਮੀਟਿੰਗਾਂ:**

- ਇਸ ਮੀਟਿੰਗ ਵਿੱਚ ਜ਼ਿਲ੍ਹਾ ਐਡਵਾਈਜ਼ਰੀ ਬੋਰਡ ਦੇ ਮੈਂਬਰਾਂ ਤੋਂ ਇਲਾਵਾ 3 ਜਾਂ 4 ਸਬ-ਡਵੀਜ਼ਨ ਐਡਵਾਈਜ਼ਰੀ ਬੋਰਡ ਦੇ ਮੈਂਬਰ ਵੀ ਸ਼ਾਮਲ ਕੀਤੇ ਜਾਣਗੇ।

**ਸਬ-ਡਵੀਜ਼ਨ ਐਡਵਾਈਜ਼ਰੀ ਬੋਰਡ ਦੀ ਮੀਟਿੰਗਾਂ:**

ਇਸ ਮੀਟਿੰਗ ਵਿੱਚ ਸਬ-ਡਵੀਜ਼ਨ ਐਡਵਾਈਜ਼ਰੀ ਬੋਰਡ ਦੇ ਮੈਂਬਰਾਂ ਤੋਂ ਇਲਾਵਾ ਉਸ ਸਬ-ਡਵੀਜ਼ਨ ਦੇ ਅਧਿਕਾਰ ਖ਼ੇਤਰ ਵਿੱਚ ਆਉਂਦੇ ਥਾਣਿਆਂ ਦੇ ਐਡਵਾਈਜ਼ਰੀ ਬੋਰਡ ਦੇ 3-4 ਮੈਂਬਰ ਵੀ ਸ਼ਾਮਲ ਹੋਣਗੇ।

**ਥਾਣਾ ਪੱਧਰ ਤੇ ਐਡਵਾਈਜ਼ਰੀ ਬੋਰਡ ਦੀ ਮੀਟਿੰਗਾਂ:**

ਮੀਟਿੰਗ ਵਿੱਚ ਥਾਣਾ ਪੱਧਰ ਦੇ ਐਡਵਾਈਜ਼ਰੀ ਬੋਰਡ ਦੇ ਸਾਰੇ ਮੈਂਬਰ ਸ਼ਾਮਲ ਹੋਣਗੇ।

## ਐਡਵਾਈਜ਼ਰੀ ਬੋਰਡ ਦੇ ਮੈਂਬਰਾਂ ਦੇ ਫ਼ਰਜ਼ ਅਤੇ ਭੂਮਿਕਾ:

- ਜਨਤਾ ਦੀ ਭਲਾਈ ਲਈ ਪੁਲਿਸਿੰਗ ਦੇ ਵੱਖ਼-ਵੱਖ਼ ਕਦਮਾਂ ਬਾਰੇ ਜਾਣਕਾਰੀ ਦੇਣੀ ਅਤੇ ਲੋਕਾਂ ਤੋਂ ਫੀਡਬੈਕ ਲੈ ਕੇ ਐਡਵਾਈਜ਼ਰੀ ਬੋਰਡ ਦੇ ਸਾਹਮਣੇ ਰੱਖਣਾ।
- ਪੁਲਿਸ ਦੁਆਰਾ ਚਲਾਏ ਗਏ ਪ੍ਰੋਗਰਾਮਾਂ ਬਾਰੇ ਜਾਗਰੂਕਤਾ ਫੈਲਾਉਣੀ ਅਤੇ ਇਹਨਾਂ ਦੇ ਪ੍ਰਭਾਵ ਦੀ ਸਮੀਖ਼ਿਆ ਕਰਨਾ।
- ਐਡਵਾਈਜ਼ਰੀ ਬੋਰਡ ਦੇ ਮੈਂਬਰ ਸਮਾਜਿਕ ਭਲਾਈ ਦੇ ਮੁੱਦਿਆਂ ਤੇ ਚਰਚਾ ਕਰ ਸਕਦੇ ਹਨ ਅਤੇ ਇਹਨਾਂ ਬਾਰੇ ਸਲਾਹ ਦੇ ਸਕਦੇ ਹਨ।
- ਸਾਂਝ ਪ੍ਰੋਗਰਾਮ ਦੇ ਬਾਰੇ ਜਾਣਕਾਰੀ ਫੈਲਾਉਣਾ।
- ਐਡਵਾਈਜ਼ਰੀ ਬੋਰਡ ਦੇ ਮੈਂਬਰਾਂ ਦਾ ਕੰਮ ਕੰਮਿਉਨਿਟੀ ਅਤੇ ਪੁਲਿਸ ਦੇ ਰਿਸ਼ਤੇ ਨੂੰ ਮਜ਼ਬੂਤ ਅਤੇ ਵਿਸ਼ਵਾਸ਼ਯੋਗ ਬਨਾਉਣਾ ਹੈ।

www.idcindia.org

INSTITUTE FOR DEVELOPMENT AND COMMUNICATION